# ਖਿਲਰੇ ਵਰਕੇ

Academy of the Punjab in North America: http://www.apnaorg.com

# ਸਮਰਪਿਤ

ਮੇਰੇ ਪੁੱਤ 'ਗੁਰਮਨ ਸਿੰਘ ਗੁਰਾਇਆ ' ਨੂੰ

Academy of the Punjab in North America: http://www.apnaorg.com

੧. ਵੀਹ ਦਾ ਨੋਟ

੨. ਤੋਤਾ ਕਿ ਤੋਤੇ ਦੀ ਚੁੰਝ

੩. ਸੁਹਾਗਣ ਵਿਦਵਾ

## ੧

## ਸਤਿਨਾਮ ਦਾ ਸਵੈ-ਕਥਨ:

## ਵੀਹ ਦਾ ਨੋਟ

ਜਦ ਉਸ ਸੁੱਕੇ ਜਿਹੇ ਸਿਪਾਹੀ ਨੇ ਮੇਰੀ ਹੱਥਕੜੀ ਲਾ ਕੇ, ਮੈਨੂੰ ਜ਼ੋਰ ਦੀ ਪਿਛੋਂ ਅੰਦਰ ਧੱਕਾ ਦਿੱਤਾ ਤਾਂ ਮੈਂ ਸਿੱਧਾ ਸਾਹਮਣੀ ਕੰਧ 'ਚ ਜਾ ਵੱਜਾ। 'ਸਾਲਾ ਮੇਰੇ ਤੇ, ਸਿਪਾਹੀ ਦੀ ਵਰਦੀ ਦਾ ਰੋਹਬ ਪਿਆ ਝਾੜ ਰਿਹਾ ਹੈ|' ਮੈਂ ਆਪਣੀ ਕਮੀਜ਼ ਦੇ ਕਾਲਰ ਨੂੰ ਸਿੱਧਾ ਕਰਦੇ ਨੇ ਗੁੱਸੇ ਨਾਲ ਜਦੋਂ ਉਹਦੇ ਵੱਲ ਵੇਖਿਆ ਤਾਂ ਮੈਨੂੰ ਨੀਵਾਂ ਜਿਹਾ ਵਖਾਉਣ ਵਾਲਾ ਹਾਸਾ ਹੱਸ, ਉਹ ਉਥੋਂ ਨਿਕਲ ਗਿਆ। ਮੈਂ ਕੋਠੜੀ ਦੇ ਅੰਦਰ ਝਾਤੀ ਮਾਰਦਿਆਂ ਇਕ ਅੰਗੜਾਈ ਲਈ ਤੇ ਵੇਖਿਆ ਕੰਧ ਵਲ ਮੂੰਹ ਵਲੇਟੀ ਕੋਈ ਸੁੱਤਾ ਪਿਆ ਹੈ। ਮੇਰੇ ਆਉਣ ਦੀ ਆਹਟ ਸੁਣ ਕੇ ਉਸ ਬੰਦੇ ਨੇ ਮਿੰਟ ਕੁ ਲਈ ਕੰਬਲ ਆਪਣੇ ਮੂੰਹ ਤੋਂ ਲਾਹਿਆ, ਮੇਰੇ ਵੱਲ ਇੱਕ ਨਜ਼ਰ ਵੇਖਿਆ ਤੇ ਫੇਰ ਸੌਂ ਗਿਆ। ਆਪਾਂ ਵੀ ਨਹੀਂ ਬਹੁਤਾ ਧਿਆਨ ਦਿੱਤਾ। ਨਾ ਹੀ ਆਪਾਂ ਬੁਲਾਇਆ ਹੀ ਉਹਨੂੰ। ਸਾਨੂੰ ਕੀ ਲੋੜ ਹੈ? ਨਾਲੇ ਅਸੀਂ ਕਿਹੜਾ ਏਥੇ ਦੋਸਤੀਆਂ ਯਾਰੀਆਂ ਪਾਉਣ ਆਏ ਹਾਂ। ਆਪਾਂ ਤਾਂ ਬਾਹਰ ਸਾਰਿਆਂ ਨੂੰ ਟੌਹਰ ਨਾਲ ਦਸ ਕੇ ਆਏ ਆਂ - ਬਈ ਚੱਲੇ ਆਂ ਆਪਾਂ ਵੀ ਉਥੇ ਜਿੱਥੇ ਵੱਡੇ ਵੱਡੇ ਮੰਤਰੀ, ਹੀਰੋ, ਮਨਿਸਟਰ, ਵੱਡੇ ਲੋਕ ਜਾਂਦੇ ਨੇ ਛੁੱਟੀਆਂ ਕੱਟਣ ਤੇ ਨਾਲੇ ਅਰਾਮ ਕਰਨ।

Academy of the Punjab in North America: http://www.apnaorg.com

ਥੋੜੀ ਦੇਰ ਬਾਅਦ, ਮੈਂ ਵੀ ਨੁਕਰੇ ਪਏ ਫਟੇ-ਮੈਲੇ ਕੰਬਲ ਨੂੰ ਚੁੱਕਿਆ, ਝਾੜਿਆ ਤੇ ਉੱਤੇ ਲੈ ਲੰਮਾ ਪੈ ਗਿਆ। ਕਦੋਂ ਨੀਂਦ ਆ ਗਈ ਪਤਾ ਹੀ ਨਾ ਲੱਗਿਆ।

ਸਵੇਰੇ ਅੱਖ ਖੁੱਲੀ ਤਾਂ –ਮੇਰੇ ਮੂਹੋਂ ਗਾਲ੍ਹ ਨਿਕਲਦੀ ਨਿਕਲਦੀ ਵਾਪਸ ਗਲੇ ਰਾਹੀਂ ਅੰਦਰ ਚਲੇ ਗਈ। 'ਓ ਭਰਾਵਾ, ਜੇਲ੍ਹ 'ਚ ਵੀ ਲੋਕੀਂ ਪਾਠ ਕਰਦੇ ਨੇ?' ਕੈਦੀਆਂ ਵਾਲੇ ਕਪੜੇ, ਖੁੱਲ੍ਹੀ ਦਾਹੜੀ, ਪੀਲਾ ਪਰਨਾ। ਰਾਤੀਂ ਤਾਂ ਬਹੁਤਾ ਚੰਗੀ ਤਰ੍ਹਾਂ ਦਿਸਿਆ ਨਹੀਂ ਸੀ ਪਰ ਸਵੇਰੇ ਦੀ ਲੋਅ ਵਿੱਚ ਬੰਦਾ ਕਿਤੇ ਵੇਖਿਆ ਵੇਖਿਆ ਜਿਹਾ ਜਾਪਦਾ ਸੀ। ਜਿਵੇਂ ਕਿਸੇ ਗੁਰਦਵਾਰੇ ਦਾ ਪਾਠੀ ਹੋਵੇ। ਗੁਰਦਵਾਰੇ ਦਾ ਕੋਈ  ਭਾਈ ਹੋਵੇ।

ਮੈਂ ਇਕ ਮਿੰਟ 'ਚ ਹੀ ਸਮਝ ਸਹਾਰੇ ਸਿੱਟੇ ਤੇ ਪੁੱਜ ਗਿਆ –ਮਾਮਲਾ ਹੋਊ ਨਾ ਹੋਊ 'ਮੂੰਹ ਮੇਂ ਰਾਮ ਰਾਮ, ਬਗਲ ਮੇਂ ਛੁਰੀ ਵਾਲਾ ਕਾਰਾ ਹੋਊ|' ਜਿਵੇਂ ਹੀ ਪਾਠੀ ਦਾ ਪਾਠ ਖਤਮ ਹੋਇਆ–ਬਾਹਰੋਂ ਇਕ ਸਕੂਲ ਦੀ ਘੰਟੀ ਵਰਗੀ ਅਵਾਜ਼ ਆਈ। ਮੈਂ ਹੱਸਦੇ ਨੇ ਪੁੱਛਿਆ–"ਓ ਜੀ, ਇਹ ਕਾਹਦੀ ਘੰਟੀ ਵੱਜੀ ਐ, ਕਿਤੇ ਜੇਲ੍ਹ ਦੀ ਥਾਂ ਇਹ ਮੈਨੂੰ ਸਕੂਲੇ ਤਾਂ ਨਹੀਂ ਲੈ ਆਏ।"

ਜਵਾਬ ਨਾ ਮਿਲਣ ਤੇ ਮੈਂ ਮੁੜ ਪੁੱਛਿਆ: "ਓ ਭਰਾਵਾ ਸਕੂਲ ਤੋਂ ਮੈਨੂੰ ਬਹੁਤ ਡਰ ਲਗਦਾ|"

ਉਹ ਕਹਿਣ ਲੱਗਾ –"ਉਠੋ ਜੀ, ਪੰਜਾ ਮਿੰਟਾਂ 'ਚ ਆਪਣੇ ਭਾਂਡੇ ਫੜ ਕੇ ਲਾਈਨ 'ਚ ਲਗਣਾ ਪੈਣਾ, ਨਹੀਂ ਤਾਂ ਖਾਣ ਨੂੰ ਕੁਝ ਨਹੀਂ ਮਿਲਣਾ।"

"ਕਿਉਂ ਲਾਈਨ 'ਚ ਕਿਉਂ  ਬਈ ? " ਮੈਂ ਪੁੱਛਿਆ। ਉਹ ਕਹਿਣ ਲੱਗਾ "ਇਹ ਘੰਟੀ ਨਾਸ਼ਤੇ ਦੀ ਹੈ।"

"ਨਾਸ਼ਤਾ  ! ਘਰੇ ਤਾਂ ਮੰਜੀ ਤੇ ਬੈਠੇ ਨੂੰ ਮਿਲ ਜਾਂਦਾ ਸੀ, ਏਥੇ ਲਾਈਨਾਂ 'ਚ ਲੱਗਣਾ ਪਉ?"

ਲਾਇਨਾਂ ਲੁਇਨਾਂ 'ਚ ਲੱਗਣਾ ਵੈਸੇ ਮੈਨੂੰ ਪਸੰਦ ਨਹੀਂ। ਪਰ ਕੋਈ ਨੀ ਪਹਿਲਾ ਦਿਨ ਹੈ, ਸੋਚਿਆ ਚਲੋ ਅੱਜ ਪਹਿਲਾਂ ਇਥੋਂ ਦਾ ਹਿਸਾਬ-ਕਿਤਾਬ ਜਿਹਾ ਲਾ ਲਈਏ। ਸਭ ਚੁੱਪ ਚਾਪ ਲਾਈਨ 'ਚ ਬੈਠ ਕੇ ਪਤਾ ਨਹੀਂ ਕਿਵੇਂ ਖਾਂਦੇ ਪਏ ਸਨ। ਮੈਥੋਂ ਰਿਹਾ ਨਾ ਗਿਆ –ਮੈਂ ਤਾਂ ਬੋਲ  ਹੀ ਪਿਆ –"ਉਏ ਆਹ ਕੀ ਆ, ਚਾਹ ਏ ਕਿ ਉਬਲਿਆ ਪਾਣੀ, ਨਾ ਦੁੱਧ, ਨਾ ਮਿੱਠਾ। ਤੇ ਆਹ ਸੁੱਕੀਆਂ ਰੋਟੀਆਂ। ਸਬਜ਼ੀ ਜਿਵੇਂ ਰਾਤ ਦੀ ਬੇਹੀ ਹੋਵੇ।"

ਮੈਨੂੰ ਬੋਲਦੇ ਨੂੰ ਵੇਖ, ਇਕ ਹੋਰ ਕੈਦੀ ਮੇਰੇ ਨਾਲਦੇ ਨੂੰ ਕਹਿਣ ਲੱਗਾ –"ਆਹ ਨਵਾਂ ਮੁੰਡਾ ਤੇਰੇ ਨਾਲ, ਤੇਰੇ ਸੈਲ 'ਚ ਆਇਆ ਏ?"

ਮੇਰਾ ਸੈੱਲ ਮੇਟ 'ਪਾਠੀ' ਬੋਲਿਆ–"ਹਾਂ ਕੱਲ੍ਹ ਹੀ ਆਇਆ।"  ਤੇ ਫਿਰ ਉਹ ਮੇਰੇ ਵੱਲ ਵੇਖ ਕੇ ਉਹਨੂੰ ਕਹਿਣ ਲੱਗਾ- "ਤਾਹੀਓਂ ... ਭਲਕੇ ਵੇਖੀਂ ਲਾਈਨ 'ਚ ਸਭ ਤੋਂ ਅੱਗੇ ਖੜਾ ਹੋਊ।" ਤੇ ਓਹ ਦੋਵੇਂ ਮੇਰੇ ਵੱਲ ਵੇਖ ਹੱਸਣ ਲੱਗ ਪਏ।

ਨਾਸ਼ਤੇ ਤੋਂ ਬਾਅਦ ਅਸੀਂ ਫਿਰ ਉਸੇ ਨਿੱਕੀ ਜਿਹੀ ਕੋਠੜੀ 'ਚ ਆ ਗਏ। ਇਹ ਤੰਗ ਜੇਹੀ ਕੋਠੜੀ ਵਿੱਚ  ਮੇਰਾ ਤਾਂ ਸਾਹ ਘੁੱਟਦਾ ਸੀ| ਦੋ ਤੋਂ ਵੱਧ, ਤੀਜਾ ਬੰਦਾ ਨਹੀਂ ਸੀ ਆ ਸਕਦਾ ਓਥੇ| ਵੈਸੇ ਦੋ ਵੀ ਨਹੀਂ ਡੇਢ ਬੰਦੇ ਜੋਗੀ ਹੀ ਥਾਂ

ਸੀ। ਉਹ ਪਾਠੀ "ਵਾਗੁਰੂ ਵਾਗੁਰੂ (ਵਾਹਿਗੁਰੂ–ਵਾਹਿਗੁਰੂ)" ਕਰਦਾ ਹੇਠਾਂ ਚੌਂਕੜੀ ਮਾਰਦਿਆਂ ਮੈਨੂੰ ਪੁੱਛਣ ਲੱਗਾ – "ਦੱਸੋ ਜਨਾਬ, ਫੇਰ ਏਥੇ ਕਿੱਦਾਂ|"

ਕਮਾਲ ਆ ਏਥੇ ਕੋਈ ਨਾਂ ਪਤਾ ਨਹੀਂ ਪੁੱਛਦਾ, ਸਿੱਧਾ ਇਹ ਪੁੱਛਦੇ ਕਿ "ਭਾਈ ਬਾਹਰ ਕੀ ਕਾਂਡ ਕਰਕੇ ਆਏ ਓ।" ਆਪਾਂ ਛਾਤੀ ਚੌੜੀ ਕਰਦਿਆਂ ਫਿਰ ਇਕ ਆਕੜ ਭਰੀ ਅੰਗੜਾਈ ਜਿਹੀ ਲੈਂਦਿਆਂ ਪੂਰੀ ਟੌਹਰ ਨਾਲ ਦੱਸਿਆ – "ਭਾਈ ਦੋ ਬੰਦੇ ਵੱਢੇ ਨੇ ਆਪਾਂ। **302** 'ਚ ਅੰਦਰ ਆਏ ਹਾਂ –ਸਾਲੇ ਮੇਰੇ ਸਾਹਮਣੇ ਔਖੇ ਹੁੰਦੇ ਪਏ ਸਨ। ਪਤਾ ਨਹੀਂ ਸੀ ਉਹਨਾਂ ਨੂੰ ਕਿਹਦੇ ਨਾਲ ਪੰਗਾ ਪਾ ਬੈਠੇ ਸਨ। ਬਸ, ਫੇਰ ਕੀ ਸੀ ਆਪਾਂ ਕਰਤਾ ਉਹਨਾਂ ਦਾ ਕੰਮ।" ਪਾਠੀ, ਮੇਰੀ ਗੱਲ ਤੋਂ ਭੋਰਾ ਵੀ ਨਾ ਡਰਿਆ। ਉਲਟਾ ਹੱਸਣ ਲੱਗ ਗਿਆ। ਜਿਵੇਂ ਮੈਂ ਕੋਈ ਚੁਟਕਲਾ ਸੁਣਾਇਆ ਹੋਵੇ। ਮੈਂ ਸੋਚਿਆ 'ਦੋ ਬੰਦਿਆਂ ਦਾ ਕਤਲ' ਸੁਣ ਇਹ ਮੈਥੋਂ ਥੋੜਾ ਡਰੂਗਾ। ਨਾਲੇ ਆਉਂਦਿਆਂ ਹੀ ਥੋੜਾ ਆਪਣਾ ਡਰ ਜਿਹਾ ਏਥੇ ਬਣਾ ਕੇ ਰੱਖਣਾ ਚੰਗਾ ਹੋਊ। ਪਰ ਇਹ ਕੀ ...ਇਹ ਬੁੱਢਾ ਤਾਂ ਭੋਰਾ ਵੀ ਨਹੀਂ ਡਰਿਆ, ਸਗੋਂ ਉਹ ਹੱਸਦਾ ਹੱਸਦਾ ਕਹਿਣ ਲੱਗਾ "ਕਾਕੇ ਲਗਦਾ ਰਾਤੀਂ ਵਾਹਵਾ ਗੂੜ੍ਹੀ ਨੀਂਦ ਪਈ ਜਾਪਦੀ ਏ। ਹੁਣ ਆਪਣਾ ਸੁਪਨਾ ਛਡੋ ਤੇ ਇਹ ਦੱਸੋ 'ਡੌਨ ਸਾਬ' ਜੀ ਬਾਹਰ ਕੀ ਕਰਤਾ ਜੋ ਤੁਹਾਂਨੂੰ ਏਥੇ ਆਉਣਾ ਪੈ ਗਿਆ?"

ਮੈਨੂੰ ਓਦੋਂ ਥੋੜੀ ਸ਼ਰਮ ਜਿਹੀ ਆਈ ਤੇ ਮੇਰੀਆਂ ਅੱਖਾਂ ਵੀ ਨੀਵੀਆਂ ਹੋ ਗਈਆਂ। ਮੇਰਾ ਝੂਠ ਤਾਂ ਝੱਟ ਹੀ ਫੜਿਆ ਗਿਆ ਸੀ। ਦਰਅਸਲ, ਕਤਲ ਕੁਤਲ ਕਰਨ ਵਾਲੇ ਕਾਤਲਾਂ, ਵੱਡੇ ਵੱਡੇ ਗੁੰਡਿਆਂ, ਮਤਲਬ ਕਿ ਵੱਡੇ ਕੈਦੀਆਂ ਨੂੰ ਦੂਜੇ ਪਾਸੇ ਦੀ ਵੱਡੀ ਜੇਲ੍ਹ 'ਚ ਰੱਖਿਆ ਜਾਂਦਾ ਸੀ। ਇਹ ਗੱਲ ਮੈਨੂੰ ਪਹਿਲਾਂ ਪਤਾ ਨਹੀਂ ਸੀ। ਨਹੀਂ ਤਾਂ ਗੱਪ ਥੋੜੀ ਛੋਟੀ ਛੱਡਦਾ ...। ਫੇਰ ਮੈਂ ਅੱਖਾਂ ਉੱਪਰ ਚੁਕਦੇ ਦੱਸਣ ਲੱਗਾ –"ਓ ਕੁਝ ਨਹੀਂ ਪਾਠੀ ਜੀ –ਇਕ ਝੂਠੀ ਗਵਾਹੀ ਦਿੱਤੀ ਸੀ, ਫਾਲਤੂ ਫੱਸ ਗਿਆ।"

ਉਸ ਪੁੱਛਿਆ, "ਕੀ ਗੱਲ ਹੋਈ?"

ਮੈਂ ਮਨ ਹੌਲਾ ਕਰਦਿਆਂ ਵਿਸਥਾਰ ਦਿੱਤਾ: "ਪਿੰਡ 'ਚ ਦੋ ਧੜਿਆਂ ਦੀ ਕਿਸੇ ਗੱਲੋਂ ਲੜਾਈ ਹੋ ਗਈ। ਚੰਗੀਆਂ ਛਵੀਆਂ ਤੇ ਕਿਰਪਾਨਾਂ ਚੱਲੀਆਂ। ਚੌਧਰੀਆਂ ਦੇ ਮੁੰਡੇ ਕੋਲੋਂ ਕਿਤੇ ਦੂਜੇ ਮੁੰਡੇ ਨੂੰ ਗੁੱਝੀ ਵੱਜ ਗਈ। ਮਾੜਾ ਸਰੀਰ, ਹਸਪਤਾਲ ਲਿਜਾਂਦਿਆਂ ਵਿਚਾਰਾ ਰਾਹ 'ਚ ਹੀ ਖਤਮ ਹੋ ਗਿਆ। ਬਸ ਕਤਲ ਦਾ ਮੁਕਦਮਾ ਪੈ ਗਿਆ। ਵਾਹਵਾ ਕਈ ਮਹੀਨੇ ਕੇਸ ਕੂਸ ਚੱਲਿਆ। ਚੌਧਰੀ ਦੇ ਵਕੀਲ ਨੇ ਕਿਹਾ ਭਈ ਕੋਈ ਚਸ਼ਮਦੀਦ ਗਵਾਹ ਪੇਸ਼ ਕਰਨਾ ਪਊ। ਆਪਾਂ ਸੋਚਿਆ ਚੌਧਰੀ ਖਾਸੇ ਤਗੜੇ ਨੇ। ਚੰਗੀ ਮਾਲਦਾਰ ਸਾਮੀ ਆ, ਭਈ ਉਹ ਕਿਹੜਾ ਫਸਣ ਲੱਗਿਆ। **20,000**, ਹਾਂ ਪੂਰੇ **20,000** 'ਚ ਆਪਾਂ ਜੋ ਵਕੀਲ ਨੇ ਕਿਹਾ, ਕੋਰਟ 'ਚ ਜਾ ਬੋਲਤਾ। ਬਸ... ਬਸ ਜੀ ਦੂਜੀ ਪਾਰਟੀ ਖਿਲਾਫ ਇਕੋ ਹੀ ਝੂਠੀ ਗਵਾਹੀ ਦਿੱਤੀ ਸੀ। ਮੈਨੂੰ ਕੀ ਪਤਾ ਸੀ ਚੌਧਰੀ ਕੇਸ ਹਾਰ ਜਾਊ ਅਤੇ ਆਪਣੇ ਨਾਲ ਨਾਲ ਝੂਠੀਆਂ ਗਵਾਹੀਆਂ ਪਾਉਣ ਵਾਲਿਆਂ ਨੂੰ ਵੀ ਅੰਦਰ ਲੈ ਜਾਊ| ਚਲੋ ਕੋਈ ਨਹੀਂ ਇਹ ਤਾਂ ਥੋੜੇ ਦਿਨਾਂ ਦੀ ਗੱਲ ਆ ...ਇਹ ਤਾਂ ਆਪਾਂ ਇੰਝ ਚੁਟਕੀ ਮਾਰਕੇ ਕੱਢ ਲੈਣੇ।"

ਉਹ ਪਾਠੀ ਮੇਰੇ ਮੂੰਹ ਵੱਲ ਹੀ ਵੇਖੀ ਗਿਆ। ਸ਼ਾਇਦ ਉਹ ਜਿਵੇਂ ਮੇਰੇ ਮੂੰਹ ਤੇ ਕੋਈ ਸ਼ਿਕਨ, ਸ਼ਰਮਿੰਦਗੀ ਜਾਂ ਕੋਈ ਪਛਤਾਵਾ ਪਿਆ ਲੱਭਣ ਦੀ ਕੋਸ਼ਿਸ਼ ਕਰ ਰਿਹਾ ਹੋਵੇ। ਕੀਤਾ ਤਾਂ ਮੈਂ ਵੈਸੇ ਗਲਤ ਹੀ ਸੀ। ਮੈਂ ਉਹਦੀ, ਮੇਰੇ ਮੂੰਹ ਤੇ

ਲੱਗੀ, ਟਿਕਟਿਕੀ ਨੂੰ ਤੋੜਦੇ ਹੋਏ ਕਿਹਾ–"ਤੁਸੀਂ ਤਾਂ ਮੈਨੂੰ ਕਿਸੇ ਗੁਰਦਵਾਰੇ ਦੇ ਪਾਠੀ ਜਾਪਦੇ ਓ। ਬੜਾ ਪਾਠ ਕਰਦੇ ਹੋ। ਤੇ ਆਹ ਉਪਰ ਥੜੀ ਜਿਹੀ, ਫੱਟੀ ਤੇ ਗੁਟਕਾ ਸਾਹਿਬ ਵੀ ਰੱਖੇ ਨੇ।"

ਉਹਦੇ ਪਾਸੇ ਦੀ ਕੰਧ ਤੇ ਇਕ ਬੰਨੀ ਸੀ, ਜਿਸਨੂੰ ਉਸਨੇ ਬਹੁਤ ਵਧੀਆ ਸਜਾਇਆ ਹੋਇਆ ਸੀ। ਉਹ ਹੱਸਣ ਲੱਗ ਪਿਆ। ਮਨ 'ਚ ਮੈਂ ਸੋਚਿਆ –ਲਗਦਾ ਬਾਹਰ ਕੋਈ ਵੱਡਾ ਈ ਕਾਰਾ ਕੀਤਾ ਹੋਣਾ, ਹੁਣ ਜਿਹੜਾ ਅੰਦਰ ਪਾਠ ਪੂਜਾ ਕਰਕੇ ਆਪਣੇ ਪਾਪ  ਧੌਂਦਾ ਪਿਆ ਹੈ। ਮੈਨੂੰ ਪੁੱਛਣ ਦੀ ਲੋੜ ਵੀ ਨਾ ਪਈ, ਪਾਠੀ ਜੀ ਆਪੇ ਹੀ ਸ਼ੁਰੂ ਹੋ ਗਏ।

"ਮੇਰਾ ਛੋਟਾ ਜਿਹਾ 'ਹੈਪੀ ਦਾ ਢਾਬਾ' ਸੀ, ਆ ਮੇਨ ਰੋਡ ਤੇ। ਚੰਗਾ ਚਲਦਾ ਸੀ –ਸ਼ਾਮ ਤੋਂ ਰਾਤ ਤਾਈਂ ਖਾਸੀ ਟਰੱਕਾਂ ਵਾਲਿਆਂ ਦੀ ਭੀੜ ਰਹਿੰਦੀ ਸੀ| ਮੇਰੇ ਢਾਬੇ ਦੀ ਦਾਲ-ਮਖਣੀ ਬਹੁਤ ਮਸ਼ਹੂਰ ਹੈ। ਟਰੱਕਾਂ ਵਾਲੇ ਮੇਰੇ ਢਾਬੇ ਤੇ ਰੁਕਦੇ, ਰੋਟੀ ਖਾਕੇ ਤੇ ਥੋੜਾ ਸੁਸਤਾ ਕੇ ਹੀ ਅੱਗੇ ਤੁਰਦੇ ਸੀ। ਉਸ ਦਿਨ ਅਚਾਨਕ ਮੇਰੇ ਢਾਬੇ ਤੇ ਪੁਲਿਸ ਨੇ ਛਾਪਾ ਮਾਰਤਾ। ਪੁਲਿਸ ਆਉਂਦੀ ਵੇਖ ਦੋ ਟਰੱਕ ਵਾਲੇ ਉਥੋਂ ਭੱਜ ਗਏ। ਬਾਕੀ ਖੜੇ ਟਰੱਕਾਂ ਦੀ ਤਲਾਸ਼ੀ ਹੋਈ ਤੇ ਮੇਰੇ ਢਾਬੇ ਦੀ ਵੀ। ਢਾਬੇ ਦੀ ਮੰਜੀ ਹੇਠੋਂ **15** ਕਿਲੋ ਚਰਸ-ਭੁਕੀ ਫੜੀ ਗਈ। ਮੈਨੂੰ ਤਾਂ ਕੁਝ ਸਮਝ ਹੀ ਨਾ ਆਈ। ਮੈਂ ਤਾਂ ਕਦੇ ਅਜਿਹੀ ਭੈੜੀ ਚੀਜ਼ ਵੇਖੀ ਹੀ ਨਹੀਂ ਸੀ ਕਿ ਇਹ ਸ਼ੈ ਹੁੰਦੀ ਕਿੱਦਾਂ ਦੀ ਹੈ। ਨਾਲੇ ਮੈਨੂੰ ਕੀ ਪਤਾ ਸੀ ਮੇਰਾ ਢਾਬਾ ਉਹਨਾਂ ਦਾ ਅੱਡਾ ਸੀ। ਮੈਨੂੰ ਪੁਲਿਸ ਨੇ ਅੰਦਰ ਕਰਤਾ ਭਈ ਮੈਂ ਉਹਨਾਂ ਨਾਲ ਰਲਿਆ ਹੋਇਆ ਹਾਂ। ਮੇਰੇ ਢਾਬੇ ਤੇ ਗੈਰ -ਕਾਨੂੰਨੀ ਕੰਮ ਹੁੰਦੇ ਆ।"

ਵੈਸੇ ਵੇਖਣ ਨੂੰ ਤਾਂ ਉਹ ਰੱਬ ਦਾ ਈ ਬੰਦਾ ਲਗਦਾ ਸੀ–ਝੁੰਗੇ 'ਚ ਹੀ ਫਸ ਗਿਆ ਲਗਦਾ| ਚਲੋ ਸਾਨੂੰ ਉਹਦੇ ਪਾਸੋਂ ਕੀ ਲੈਣਾ ਦੇਣਾ। ਉਹ ਕਿਹੜਾ ਆਪਣਾ ਰਿਸ਼ਤੇਦਾਰ ਆ। ਮੈਂ ਉਸਦੀ ਕਹਾਣੀ ਵੱਲ ਬਹੁਤਾ ਧਿਆਨ ਨਾ ਦਿੱਤਾ ਤੇ ਹੂੰ ਹਾਂ ਕਰਕੇ ਆਪਣੇ ਗਾਣੇ ਗਾਉਣ ਲੱਗ ਗਿਆ|

ਉਸਨੂੰ ਵੇਖ ਹਮੇਸ਼ਾਂ ਮੈਨੂੰ ਮੇਰਾ ਬਾਪੂ ਚੇਤੇ ਆ ਜਾਂਦਾ। ਉਹੋ ਜਿਹੀਆਂ ਹੀ ਪਕਾਊ ਗੱਲਾਂ। ਉਹੋ ਜਿਹੀਆਂ ਨਸੀਹਤਾਂ। ਕੋਈ ਹਾਸਾ ਮਖੌਲ ਨਹੀਂ। ਨਾ ਵਾਧੂ ਬੋਲਣਾ, ਨਾ ਸੁਣਨਾ ਤੇ ਮੈਨੂੰ ਗਾਣੇ ਗਾਉਂਦੇ ਨੂੰ ਵੇਖ, ਬਾਪੂ ਵਾਂਗ ਹੀ ਘੂਰੀ ਵੱਟ ਵੇਖਣਾ। ਤੇ ਉਪਰੋਂ ਜਦੋਂ ਵੇਖੋ ਪਾਠ ਹੀ ਕਰਦਾ ਰਹਿੰਦਾ ਸੀ। ਉਹਦੇ ਨਾਲ ਉਸ ਕੋਠੜੀ ਚ ਔਖਾ ਜਿਹਾ ਹੋ ਗਿਆ ਸੀ ਮੇਰਾ ਰਹਿਣਾ। ਮੈਨੂੰ ਤਾਂ ਇੰਝ ਲੱਗਣ ਲੱਗ ਗਿਆ ਸੀ ਜਿਵੇਂ ਮੈਂ ਬਿਮਾਰ, ਲਾਚਾਰ ਤੇ ਬੁੱਢਾ ਹੋ ਗਿਆ ਹੋਵਾਂ ਤੇ ਕਿਸੇ ਜੇਲ੍ਹ 'ਚ ਨਹੀਂ, ਕਿਸੇ ਗੁਰਦਵਾਰੇ ਦੀ ਨੁਕਰੇ ਬੈਠ ਆਪਣੀ ਜਿੰਦਗੀ ਦੇ ਬਾਕੀ ਦਿਨ ਕੱਟ ਰਿਹਾ ਹੋਵਾਂ। ਪਤਾ ਨਹੀਂ ਕਦੋਂ ਇਹਨੇ ਜਾਣਾ ਏਥੋਂ?

ਕਦੀ ਕਦੀ ਤਾਂ ਉਹ ਸੱਚੀਂ ਮੇਰਾ ਪਿਉ ਹੀ ਬਣ ਜਾਂਦਾ ਸੀ।ਉਹੀਓ ਰੋਹਬ ਨਾਲ ਮੈਨੂੰ ਸਮਝਾਉਣਾ, ਉਹੀਓ ਨਸੀਹਤਾਂ ਭਰੀਆਂ ਗੱਲਾਂ, ਉਹੀਓ ਹੱਕ ਨਾਲ ਗੁੱਸੇ ਹੋਣਾ। ਜਿਵੇਂ ਪਾਠੀ ਤੇ ਮੇਰਾ ਬਾਪੂ ਇਕੋ ਸਕੂਲ 'ਚੋਂ, ਇਕੋ ਜਮਾਤ ਤੇ ਇਕੋ ਮਾਸਟਰ ਦਾ ਪੜ੍ਹਾਇਆ, ਇਕੋ ਪਾਠ, ਰੱਟਾ ਮਾਰ ਕੇ ਮੈਨੂੰ ਸੁਣਾ ਰਹੇ ਹੋਣ। 'ਸੱਚੀ, ਸੁੱਚੀ ਕਿਰਤ ਕਰੋ, ਦਸਾਂ ਨਹੂੰਆਂ ਦੀ ਮਿਹਨਤ ਦੀ ਕਮਾਈ ਕਰੋ, ਝੂਠ ਦਾ ਸਹਾਰਾ ਨਾ ਲਉ, ਗਲਤ ਪਾਸੇ ਨਾ ਵੇਖੋ। ਬੁਰਾ ਨਾ ਵੇਖੋ, ਨਾ ਬੋਲੋ, ਨਾ ਸੁਣੋ ਤੇ ਨਾ ਕਰੋ|' ਹੱਦ ਹੋ ਗਈ ਯਾਰ ਆਪਾਂ ਕੋਈ ਬਾਂਦਰ ਹਾਂ। ਬਸ ਉਹੀ ਰਾਗ "ਹਜੇ ਤੇਰੀ ਉਮਰ ਕੀ ਹੈ – ਪੜ੍ਹਿਆ ਲਿਖਿਆ ਤੂੰ, ਕੋਈ ਚੱਜ ਦਾ ਕੰਮ ਧੰਦਾ ਸ਼ੁਰੂ ਕਰ।"

ਬਸ, ਬਹੁਤ ਹੋ ਗਿਆ ਉਮਰ ਦਾ ਲਿਹਾਜ਼। ਇਹ ਪਾਠੀ ਤਾਂ ਵੱਧਦਾ ਹੀ ਜਾਂਦਾ ਪਿਆ। ਤੇ ਉਸ ਦਿਨ ਮੈਂ ਵੀ ਫਿਰ ਬੋਲ ਪਿਆ।

“ਓ ਭਾਈ ਜੀ ! ਇਹ ਮੇਰਾ ਕੰਮ ਹੀ ਆ ਜੀ –ਮੇਰਾ ਪ੍ਰੋਫੇਸ਼ਨ,ਓ ਪ੍ਰੋਫ਼ੇਸ਼ਨ- ਸਮਝਦੇ ਓ ...ਧੰਦਾ ਮੇਰਾ –ਝੂਠੀਆਂ ਗਵਾਹੀਆਂ ਦੇਣ ਦਾ।ਆਪਾਂ ਇੰਨੀ ਸਫਾਈ ਨਾਲ ਝੂਠ ਬੋਲੀਦਾ ਕਿ ਸੱਚ ਵੀ ਸਾਡੇ ਤੋਂ ਡਰਦਾ। ਨਾਲੇ ਝੂਠ ਦੇ ਕਿਹੜਾ ਪੈਰ ਹੁੰਦੇ ਆ। ਨਾਲੇ ਇਕ ਝੂਠ ਨਾਲ ਸਾਡਾ ਮਹੀਨਾ ਬਣ ਜਾਂਦਾ। ਇਹਦੇ ‘ਚ ਤੁਹਾਨੂੰ ਕੀ ਤਕਲੀਫ਼ ਆ ਜੀ। ਨਾਲੇ ਤੁਹਾਨੂੰ ਪਤਾ ਹੀ ਕੀ ਹੈ ਇਸ ਕੰਮ ਬਾਰੇ। ਪਤਾ ਤੁਹਾਨੂੰ? ਸਾਡੇ ਵਰਗੇ ਗਵਾਹਾਂ ਦੀ ਕਿੰਨੀਂ ਡੀਮਾਂਡ ਹੈ ਅੱਜਕਲ। ਬੈਂਕਾਂ, ਕੋਰਟਾਂ, ਕਚਹਿਰੀਆਂ ਦੇ ਬਾਹਰ ਤਾਂ ਵਿਕਦੇ ਨੇ ਗਵਾਹ। ਮੈਂ ਇਕ ਗਵਾਹ ਹਾਂ। ਨਾ ਮੈਂ ਡਾਕਟਰ, ਨਾ ਕੋਈ ਇੰਜੀਨੀਅਰ, ਨਾ ਟੀਚਰ, ਨਾ ਕੋਈ ਮੈਨਜਰ; ਮੈਂ ਗਵਾਹ ਹਾਂ ਗਵਾਹ। ਤੁਹਾਨੂੰ ਪਤਾ ਇਸ ਲਾਈਨ ‘ਚ ਵੀ ਅੱਜਕਲ ਬਹੁਤ ਕੰਪੀਟੀਸ਼ਨ ਹੋ ਗਿਆ ਹੈ। ਨਾਲੇ ਆਪਣੇ ਕੋਲ ਤਾਂ ਹੁਣ ਸਾਲਾਂ ਦਾ ਤਜਰਬਾ ਹੈ ਜੀ। ਨਾਲੇ ਮੈਂ ਦਸ ਦਿਆਂ, ਏਡਾ ਸੋਖਾ ਨਹੀਂ ਇਹ ਕੰਮ, ਜਿੱਡਾ ਤੁਹਾਨੂੰ ਜਾਪਦਾ।”

ਮੈਂ ਬੋਲਦਾ ਰਿਹਾ ਤੇ ਉਹ ਸੁਣਦਾ| ਤੰਗ ਕਰਤਾ ਸੀ ਬੁੜ੍ਹੇ ਨੇ ਮੈਨੂੰ। ਇਕੋ ਪੁਰਾਣਾ ਰਾਗ ਜਿਵੇਂ ਬਾਰ ਬਾਰ ਇਕੋ ਕੇਸਟ ਮੇਰੇ ਕੰਨਾ ‘ਚ ਵੱਜੀ ਜਾਂਦੀ ਪਈ ਹੋਵੇ। ਫੇਰ ਅੱਜ ਤਾਂ ਉਹਨੂੰ ਮੇਰੀਆਂ ਸੁਣਨੀਆ ਹੀ ਪੈਣੀਆਂ ਸਨ।

ਮੈਂ ਗੱਲ ਜਾਰੀ ਰੱਖਦਿਆਂ ਉਸਨੂੰ ਦੱਸਿਆ ਪਈ...

"ਗੱਲ ਓਦੋਂ ਦੀ ਹੈ ਜਦੋਂ ਮੇਰੀ ਗਰੈਜੂਏਸ਼ਨ ਹੋ ਗਈ ਸੀ। ਮੈਂ  ਨੌਕਰੀ ਲਈ ਕਈ ਥਾਵਾਂ ਤੇ ਅਪਲਾਈ ਕੀਤਾ ਹੋਇਆ ਸੀ। ਇਕ ਜਗ੍ਹਾ ਅਰਜ਼ੀ ਨਾਲ ਕੋਈ ਡੀਮਾਂਡ ਡਰਾਫਟ ਭੇਜਣਾ ਸੀ। ਮੈਂ ਆਪਣੇ ਇਕ ਦੋਸਤ ਨੂੰ ਆਪਣੇ ਨਾਲ ਲੈਕੇ ਬੈਂਕ ‘ਚ ਡਰਾਫਟ ਭਰਨ ਗਿਆ। ਉਹ ਕਿਹੜਾ ਝੱਟ ਕੰਮ ਕਰ ਦਿੰਦੇ ਸਨ। ਮੈਥੋਂ ਮੂਹਰੇ, ਓਥੇ ਵਚਾਰਾ ਇਕ ਸਿੱਧਾ ਸਾਧਾ ਤੁਹਾਡੇ ਵਰਗਾ ਬੰਦਾ ਖਾਤਾ ਖੁਲਵਾਉਣ ਆਇਆ ਸੀ। ਵੈਸੇ ਤਾਂ ਪੜ੍ਹਿਆ ਲਿਖਿਆ ਲਗਦਾ ਸੀ ਪਰ ਉਸਨੂੰ ਫਾਰਮ ਭਰਨ ਦੀ ਸਮਝ ਜਹੀ ਨਹੀ ਸੀ ਆਉਂਦੀ ਪਈ। ਉਸਨੇ ਮੇਰੇ ਵੱਲ ਮਦਦ ਵਾਲੀ ਨਜ਼ਰ ਨਾਲ ਜਦ ਵੇਖਿਆ ਤਾਂ ਮੈਂ ਉਹਦਾ ਫਾਰਮ ਫੜ ਕੇ ਭਰ ਦਿੱਤਾ। ਨਾਲ ਹੀ ਉਸਨੂੰ ਥੋੜਾ ਜਿਹਾ ਦਸ ਦਿੱਤਾ ਕਿ ਕਿੱਥੇ ਦਸਤਖ਼ਤ ਕਰਨੇ ਨੇ। ਫੇਰ ਥੋੜੀ ਦੇਰ ਬਾਅਦ, ਉਹ ਮੂੰਹ ਲਟਕਾਂਦਾ ਬਾਹਰ ਆ ਗਿਆ। ਮੈਂ ਪੁੱਛਿਆ: 'ਕੀ ਹੋ ਗਿਆ ਭਾਈ ਜੀ, ਖਾਤਾ ਨੀ ਖੁੱਲਾ?'

ਉਹ ਬੋਲਿਆ: 'ਬੈਂਕ ਵਾਲੇ ਕਹਿੰਦੇ ਨੇ 'ਗਰੰਟਰ' ਲੱਗਣਗੇ ਤਾਂ ਹੀ ਖਾਤਾ ਖੁੱਲੇਗਾ। ਹੁਣ ਦੋ 'ਗਰੰਟਰ' ਚਾਹੀਦੇ ਹਨ।'

ਮੇਰੇ ਦੋਸਤ ਨੇ ਕਿਹਾ: 'ਓ ਜੀ ਏਡੀ ਕਿਹੜੀ ਗੱਲ ਹੈ–ਅਸੀਂ ਬਣ ਜਾਂਦੇ ਹਾਂ ਤੁਹਾਡੇ ਗਰੰਟਰ ਪਰ **200** ਰੁਪਿਆ ਲਵਾਂਗੇ|'

ਇਹ ਕਹਿ ਓਹ ਹੱਸਣ ਲੱਗ ਗਿਆ। ਮੈਂ ਆਪਣੇ ਦੋਸਤ ਨੂੰ ਕਿਹਾ ‘ਓ ਯਾਰ ਇਹ ਕੀ ਕਰੀ ਜਾਂਦਾ ਤੂੰ? ਆਪਾਂ ਕੀ ਕਰਨੇ ਪੈਸੇ ..."

ਮੇਰੇ ਦੋਸਤ ਨੇ ਮੈਨੂ ਕਿਹਾ: 'ਸ਼ੁਗਲ ਆ ਯਾਰ...ਮੈਂ ਕਿਹੜਾ ਸੱਚੀ ਲੈਣ ਲੱਗਾਂ ਪੈਸੇ।'

ਪਰ ਉਹ ਬੰਦਾ ਮੰਨ ਗਿਆ। ਉਸਨੇ ਸ਼ਾਇਦ ਸੋਚਿਆ ਹੋਣਾ 'ਬਾਰ ਬਾਰ ਚੱਕਰ ਮਾਰਨ ਤੋਂ ਚੰਗਾ **200** ਰੁਪਿਆਂ 'ਚ ਕੰਮ ਕਰਾ ਲਿਆ ਜਾਵੇ।'

ਅਸੀਂ ਝੱਟ ਅਗਲੇ ਦਾ ਖਾਤਾ ਖੁਲਵਾ ਦਿੱਤਾ। ਉਸਨੇ ਸਾਨੂੰ **200** ਰੁਪਏ ਦੇ ਦਿੱਤੇ| ਮੇਰੇ ਦੋਸਤ ਨੇ, ਝੱਟ ਪੈਸੇ ਫੜ ਲਏ| ਉਸ ਵਿਚਾਰੇ ਨੇ ਸਾਡਾ ਧੰਨਵਾਦ ਵੀ ਕੀਤਾ ਤੇ ਉਪਰੋਂ ਹੋਰ **20** ਦਾ ਨੋਟ ਦਿੰਦੇ ਹੋਏ ਆਖਿਆ –'ਆ ਲਉ ਜੀ ਚਾਹ ਪਾਣੀ ਲਈ।'

ਮੈਂ **200** ਰੁਪਏ ਵੇਖ ਬਹੁਤ ਖੁਸ਼ ਹੋਇਆ। ਵਿਚੋਂ **100** ਮੇਰੇ ਸੀ। ਮੇਰੀ ਪਹਿਲੀ ਕਮਾਈ।

ਵਾਹ ਬਈ ਵਾਹ**!!!**

ਪਤਾ ਨਹੀਂ ਮੇਰੇ ਦਿਮਾਗ 'ਚ ਕੀ ਆਇਆ। ਮੈਂ ਉਸ ਬੰਦੇ ਨੂੰ ਜਾਂਦੇ ਨੂੰ ਰੋਕਿਆ ਤੇ ਕਿਹਾ 'ਭਾਜੀ, ਆਹ ਮੇਰਾ ਪਤਾ ਤੇ ਫ਼ੋਨ ਨੰਬਰ ਲੈ ਲਓ, ਕਦੀ ਕੋਈ ਕੰਮ ਹੋਵੇ, ਕਿਸੇ ਨੂੰ ਲੋੜ ਹੋਊ ਤਾਂ ਦਸ ਦੇਣਾ। ਅਸੀਂ ਰੁਕੇ ਹੋਏ ਕੰਮ ਵੀ ਕਰਵਾ ਦੇਂਦੇ ਹਾਂ।'

ਉਹ ਭਲਾ ਬੰਦਾ ਆਸਪਾਸ ਪੈੱਨ ਤੇ ਕੋਈ ਕਾਗ਼ਜ ਲੱਭਣ ਲੱਗ ਗਿਆ। ਮੈਂ ਆਪਣੀ ਜੇਬ ਚੋਂ ਪੈਨ ਕੱਢਦੇ ਨੇ ਕਿਹਾ: 'ਆਹ ਪੈੱਨ ਹੈਗਾ ਮੇਰੇ ਕੋਲ, ਓਥੋਂ ਕਿਤੋਂ ਕੋਈ ਕਾਗਜ਼ ਫੜ ਲਿਆਉ।' ਉਹ ਕਾਗਜ਼ ਲਈ ਆਲਾ ਦੁਆਲਾ ਵੇਖਣ ਲੱਗਾ। ਜਦੋਂ ਮੈਨੂੰ ਵੀ ਕੋਈ ਕਾਗਜ਼ ਨਾ ਲੱਭਾ ਤਾਂ ਮੈਂ ਉਹ ਹੱਥ 'ਚ ਫੜਿਆ **੨੦** ਦਾ ਨੋਟ ਖੋਲ੍ਹਿਆ ਤੇ ਉਹਦੇ 'ਤੇ ਹੀ ਆਪਣਾ ਨਾਮ, ਪਤਾ ਤੇ ਫ਼ੋਨ ਨੰਬਰ ਲਿੱਖਣ ਮਗਰੋਂ ਮੈਂ ਉਸਨੂੰ ਉਹਦਾ ਚਾਹ ਪਾਣੀ ਲਈ ਦਿੱਤਾ **੨੦** ਦਾ ਨੋਟ ਵਾਪਿਸ ਫੜਾ ਦਿਤਾ। ਉਹਨੇ ਉਸ **੨੦** ਦੇ ਨੋਟ ਤੇ ਮੇਰਾ ਨਾਮ, ਪਤਾ ਵੇਖਿਆ ਤੇ ਆਪਣੇ ਬਟੂਏ 'ਚ ਰਖ ਲਿਆ। ਮੇਰਾ ਦੋਸਤ ਮੈਨੂੰ ਕਹੀ ਵੀ ਗਿਆ ਭਈ ਚਾਹ ਪਾਣੀ ਖਰਾਬ ਨਾ ਕਰ ਪਰ **....**

**---**

"ਓ ਜੀ**!** ਫੇਰ ਕੀ ਸੀ, ਸਾਡੀ ਤਾਂ ਉਸ ਦਿਨ ਤੋਂ ਬਾਅਦ ਜਿੰਦਗੀ ਹੀ ਬਦਲ ਗਈ। ਭਲਾ ਹੋਵੇ ਉਸ ਬੰਦੇ ਦਾ।

ਨੌਕਰੀ ਤਾਂ ਮਿਲੀ ਨਹੀਂ ਪਰ ਸਾਡਾ ਇਹ ਕੰਮ ਚੱਲ ਪਿਆ। ਵਿਹਲੇ ਸੀ, ਪੜ੍ਹਾਈ ਵੀ ਖਤਮ ਹੋ ਗਈ ਸੀ, ਕੰਮ ਕੋਈ ਮਿਲਦਾ ਨਹੀਂ ਸੀ ਪਿਆ। ਘਰ ਬਾਪੂ ਦੀਆਂ ਗੱਲਾਂ ਸੁਨਣ ਤੋਂ ਚੰਗਾ ਬੈਂਕ ਦੇ ਬਾਹਰ ਜਾ ਬੈਠ ਜਾਈਦਾ ਸੀ। ਰੋਜ਼ ਕਿਸੇ ਨਾ ਕਿਸੇ ਦਾ ਕੰਮ ਕਰਕੇ **50-100** ਕਮਾ ਲਈਦੇ ਸੀ। ਜਦੋਂ ਸਾਡਾ ਇਹ ਕੰਮ ਚਲ ਪਿਆ। ਤੇ ਆਪਾਂ ਫੇਰ ਆਪਣਾ ਇਹ ਕੰਮ ਹੋਰ ਵਧਾਇਆ। ਪਹਿਲਾਂ ਬੈਂਕਾਂ ਦੇ ਬਾਹਰ, ਫੇਰ ਕਚਿਹਰੀਆਂ ਦੇ ਬਾਹਰ ਤੇ ਹੁਣ ਤਾਂ ਸਾਡਾ ਨਾਂ ਵੱਜਦਾ ਹਰ ਥਾਂ।

ਹੁਣ ਤੁਸੀਂ ਹੀ ਦੱਸੋ, ਇਹਦੇ 'ਚ ਕੀ ਮਾੜਾ ਮੈਂ ਕਿਹੜਾ ਕੋਈ ਲੁੱਟਾਂ-ਖੋਹਾਂ ਕਰਦਾ ਫਿਰਦਾਂ **...** ਜਾਂ ਕੋਈ ਚੋਰੀ-ਡਾਕੇ ਮਾਰਦਾ ਫਿਰਦਾਂ ਜਾਂ ਬੰਦਿਆ ਨੂੰ ਧੋਖੇ ਦਿੰਦਾਂ। ਬਸ ਪੈਸੇ ਲੈ ਕੇ ਸਮਾਜ ਸੇਵਾ ਕਰੀਦੀ ਹੈ। ਹੁਣ ਦੱਸੋ ਇਹ ਮਿਹਨਤ ਦਾ ਕੰਮ ਨਹੀਂ। ਚੰਗਾ ਨਹੀਂ ਤਾਂ ਮਾੜਾ ਵੀ ਤਾਂ ਨਹੀਂ। ਵੈਸੇ ਇਹ ਜੇਲ੍ਹ ਤਾਂ ਮੈਂ ਪਹਿਲੀ ਵਾਰ ਆਇਆਂ। ਥੋੜੇ ਜਿਆਦਾ ਪੈਸਿਆਂ ਦੀ ਲੋੜ ਪੈ ਗਈ ਸੀ ਬਾਪੂ ਨੂੰ ਦੇਣੇ ਸਨ ਬੇਬੇ ਦੇ ਇਲਾਜ਼ ਲਈ। ਵੈਸੇ ਤਾਂ ਆਹ ਕਾਲੇ ਕੋਟਾਂ ਵਾਲੇ ਵਕੀਲਾਂ ਤੋਂ ਵਧੀਆ ਝੂਠ ਬੋਲ ਲਈਦਾ ਆਪਾਂ। ਏਸ ਵਾਰ ਕਹਿ ਲਓ ਪਾਸਾ ਥੋੜਾ ਜਿਹਾ ਪੁੱਠਾ ਪੈ ਗਿਆ। ਤੇ ਅਸੀਂ ਤੁਹਾਡੇ ਕੋਲ ਆ ਗਏ। ਨਹੀਂ ਤਾਂ ਕੰਮ ਅਸੀਂ ਪੱਕੇ ਹੀ ਕਰੀਦੇ ਨੇ। ਫਸਣ ਫੁਸਣ ਵਾਲੀ ਕੋਈ ਗੁੰਜਾਇਸ਼ ਨੀ ਛੱਡੀਦੀ ਜੀ| ਕੋਈ ਤੁਹਾਨੂੰ ਕਦੀ ਕੰਮ ਹੋਉ ਤਾਂ ਦਸਿਓ। ਤੁਹਾਡੇ ਕੋਲ ਕੋਈ ਪੈਸੇ ਨੀ ਲੈਣੇ ਮੈਂ। ਆਪਣਿਆ ਦਾ ਕੰਮ ਆਪਾਂ ਫ੍ਰੀ 'ਚ ਕਰੀ ਦਾ।"

ਬਸ ਉਸ ਦਿਨ ਤੋਂ ਬਾਅਦ ਤਾਂ ਪਾਠੀ ਇਹੋ ਜਿਹਾ ਚੁੱਪ ਕੀਤਾ ਜਿਵੇਂ ਉਸਨੂੰ ਕੋਈ ਸੱਪ ਹੀ ਸੁੰਘ ਗਿਆ ਹੋਵੇ। ਫੇਰ ਨੀ ਕੁੱਸਕਿਆ ਸਾਡੇ ਅੱਗੇ। ਨਹੀਂ ਤਾਂ ਆਪਣਾ ਸਾਰਾ ਗਿਆਨ ਮੈਨੂੰ ਹੀ ਵੰਡੀ ਜਾਂਦਾ ਸੀ। ਹੁਣ, 'ਹੈਪੀ ਦਾ ਢਾਬਾ' ਉਦਾਸ ਹੋ ਗਿਆ ਸੀ| ਅੱਜਕਲ ਪਾਠ ਵੀ ਕੁਝ ਵੱਧ ਹੀ ਕਰਨ ਲੱਗ ਗਿਆ ਸੀ। ਮੈਂ ਉਸਨੂੰ ਇਕ ਦਿਨ ਜਦ ਪਾਠ

ਕਰਦੇ ਨੂੰ ਵੇਖ ਰਿਹਾ ਸਾਂ ਤਾਂ ਮੇਰਾ ਧਿਆਨ ਉਹਦੇ 'ਗੁਟਕਾ ਸਾਹਿਬ' ਵੱਲ ਗਿਆ। ਸਟੀਕ| ਇਹ ਕੀ ਪਾਠੀ ਜੀ ਕੋਲ ਸਟੀਕ ਹੈ!!! ਸਟੀਕ ਮਤਲਬ ਅਰਥਾਂ ਵਾਲਾ ਗੁਟਕਾ। ਮੈਨੂੰ ਹਾਸਾ ਆ ਗਿਆ। ਫੇਰ ਵੀ ਮੈਂ ਮੂੰਹ ਬੰਦ ਕਰ ਹਾਸਾ ਰੋਕਦੇ ਨੇ ਉਹਦਾ ਪਾਠ ਖਤਮ ਹੋਣ ਦਾ ਇੰਤਜ਼ਾਰ ਕੀਤਾ।

ਜਿਵੇਂ ਹੀ ਪਾਠੀ ਜੀ ਦਾ ਪਾਠ ਖਤਮ ਹੋਇਆ, ਮੈਂ ਜੋਰੀਂ ਡੱਕੀ ਚੁੱਪ ਤੋੜਦੇ, ਹੱਸਦੇ ਨੇ ਕਿਹਾ "ਓ ਪਾਠੀ ਜੀ ਤੁਹਾਨੂੰ ਕਾਹਦੀ ਅਰਥਾਂ ਵਾਲੇ ਗੁਟਕੇ ਦੀ ਲੋੜ, ਰੋਜ਼ ਤਾਂ ਤੁਸੀਂ ਪਾਠ ਕਰਦੇ ਹੋ। ਹੁਣ ਤਾਂਈ ਤਾਂ ਤੁਹਾਨੂੰ ਸਭ ਕੁਝ ਸਮਝ ਆ ਜਾਣੀ ਚਾਹੀਦੀ ਹੈ। ਫੇਰ ਵੀ ਅਰਥਾਂ ਵਾਲਾ ਗੁਟਕਾ। ਮੁਆਫ ਕਰਿਓ, ਪਰ ਜੇ ਕਿਤੇ ਮੈਂ ਤੁਹਾਡੇ ਜਿੰਨਾ ਪਾਠ ਕਰਦਾ ਹੁੰਦਾ ਤਾਂ ਹੁਣ ਨੂੰ ਗਿਆਨੀ ਬਣ ਕੇ ਕਿਤੇ ਸਟੇਜ ਤੇ ਕਥਾ ਸੁਣਾਂਦੇ ਹੋਣਾ ਸੀ। ਨਾਲੇ ਵਾਹਵਾ ਪੈਸੇ ਕਮਾਣੇ ਸੀ ਅਤੇ ਇਜ਼ੱਤ ਵੀ।" ਤੇ ਮੈਂ ਹੱਸਣ ਲੱਗ ਗਿਆ |

ਉਹਨੇ ਮੇਰੀਆਂ ਗੱਲਾਂ ਦਾ ਕੋਈ ਜਵਾਬ ਨਾ ਦਿੱਤਾ। ਮੈਂ ਫੇਰ ਉਸਨੂੰ ਬੁਲਾਉਣ ਦੀ ਤੇ ਹਸਾਉਣ ਦੀ ਬਹੁਤ ਕੋਸਿਸ਼ ਕੀਤੀ ਪਰ ...|

"ਕੀ ਗੱਲ ਪਾਠੀ ਜੀ ਤੁਸੀਂ ਤਾਂ ਨਾਰਾਜ਼ ਹੀ ਹੋ ਗਏ। ਸਾਨੂੰ ਬੁਲਾਂਦੇ ਹੀ ਨਹੀਂ। ਏਡੀਆਂ ਭੇੜੀਆਂ ਲੱਗ ਗਈਆਂ ਸਾਡੀਆ ਗੱਲਾਂ?" ਤੇ ਓਹ ਮੇਰੇ ਵੱਲ ਵੇਖ ਇਕ ਝੂਠਾ ਜਿਹਾ ਹਾਸਾ ਹੱਸ ਗਿਆ 'ਤੇ ਬਿਨਾ ਕੁਝ ਬੋਲੇ, ਹਾਸੇ ਨਾਲ ਹੀ ਕਹਿ ਗਿਆ ਕਿ ਉਹ ਮੇਰੇ ਨਾਲ ਨਾਰਾਜ਼ ਨਹੀਂ। ਚਲੋ ਸ਼ੁਕਰ ਹੈ ਮੰਨ ਗਿਆ। ਮੈਨੂੰ ਚੰਗਾ ਜਿਹਾ ਨਹੀਂ ਸੀ ਲਗਦਾ ਪਿਆ ਕਿ ਉਹ ਚੁੱਪ ਚੁੱਪ ਹੈ ,ਓ ਵੀ ਮੇਰੇ ਕਰਕੇ । ਚਲੋ ਹੁਣ ਸਭ ਠੀਕ ਹੈ। ਵੈਸੇ ਉਹ ਪਹਿਲਾਂ ਵਾਂਗ ਬਹੁਤੀ ਗੱਲ ਬਾਤ ਤਾਂ ਨਹੀਂ ਸੀ ਕਰਦਾ, ਪਰ ਹੁਣ ਉਹ ਥੋੜੀ ਬਹੁਤ ਹੂੰ ਹਾਂ ਕਰਨ ਲੱਗ ਗਿਆ ਸੀ।

ਥੋੜੇ ਦਿਨਾਂ ਬਾਅਦ ਉਹਦੀ ਰਿਹਾਈ ਸੀ| ਮਨ 'ਚ ਮੈਂ ਸੋਚਿਆ ਸ਼ੁਕਰ ਹੈ-ਬਾਬਾ ਜੀ ਏਥੋਂ ਜਾਣਗੇ। ਖੁੱਲ੍ਹਕੇ ਰਵਾਂਗੇ ਤੇ ਖੁੱਲ੍ਹਕੇ ਗਾਣੇ ਗਾਵਾਂਗੇ। ਨਹੀਂ ਤਾਂ ਏਧਰ ਸਾਡਾ ਗਾਣਾ ਸ਼ੁਰੂ ਤੇ ਉਧਰ ਉਹ ਆਪਣਾ ਪਾਠ ਸ਼ੁਰੂ ਕਰ ਲੈਂਦਾ ਸੀ। ਤੇ ਰੱਬ ਦੇ ਨਾਂ ਅੱਗੇ ਸਾਡੇ ਗਾਣੇ ਦੀ ਤਾਂ ਸੰਘੀ ਹੀ ਘੁੱਟੀ ਜਾਂਦੀ ਸੀ।

ਓ ਤੇਰੀ!!!ਲਓ ਜੀ| ਅੱਜ ਤਾਂ ਪਾਠੀ ਪਛਾਣ 'ਚ ਹੀ ਨਹੀ ਆਉਂਦਾ ਪਿਆ।

ਖੁੱਲ੍ਹੀ ਦਾੜ੍ਹੀ ਬੱਝ ਗਈ, ਪਰਨੇ ਦੀ ਜਗ੍ਹਾ ਪੱਗ ਨੇ ਲੈ ਲਈ। ਕੈਦੀਆਂ ਵਾਲੇ ਕਪੜੇ ਲੱਥ ਗਏ। ਅੱਜ ਉਹ ਪੈਂਟ ਕਮੀਜ਼ ਸੂਟ ਬੂਟ ਵਾਲੇ ਸਰਦਾਰ ਜੀ ਸਨ। ਪਰ ਕਮਾਲ ਹੈ ਪਾਠੀ ਅਜੇ ਵੀ ਉਦਾਸ ਸੀ।
'ਓਹੋ... ਰੱਬਾ ਏਹੋ ਜਹੇ ਬੰਦੇ ਕਦੀ ਖੁਸ਼ ਕਿਉਂ ਨਹੀ ਹੁੰਦੇ।'

ਆਪਾਂ ਤਾਂ ਭੰਗੜਾ ਪਾਉਂਦੇ ਜਾਵਾਂਗੇ। ਪਾਠੀ ਦੀ ਸ਼ਕਲ ਤਾਂ ਵੇਖੋ ਨਾ ਚਿਹਰੇ ਤੇ ਕੋਈ ਹਾਸਾ, ਨਾ ਰਿਹਾਅ ਹੋਣ ਦੀ ਕੋਈ ਖੁਸ਼ੀ। ਚਿਹਰੇ ਤੇ ਏਹੋ ਜਹੀ ਮੁਰਝਾਹਟ ਤੇ ਮਾਯੂਸੀ ਸੀ ਜਿਵੇਂ ਉਹਨੂੰ ਇੱਥੋਂ ਜਾਣ ਦਾ ਕੋਈ ਦੁਖ ਹੋਵੇ, ਜਿਵੇਂ ਉਹਨੂੰ ਕੋਈ ਗੱਲ ਅੰਦਰੋਂ ਅੰਦਰ ਖਾਈ ਜਾਂਦੀ ਹੋਵੇ। ਕਿਸੇ ਗੱਲ ਦਾ ਪਛਤਾਵਾ ਹੋਵੇ, ਅਫਸੋਸ ਹੋਵੇ ...। ਜਾਂ ਘਰ ਆਪਣੀ ਵਹੁਟੀ ਤੋਂ ਡਰਦਾ ਹੋਊ। ਚਲੋ ਸਾਨੂੰ ਕੀ? ਅਸੀਂ ਕੀ ਲੈਣਾ ਓਦੇ ਤੋਂ। ਫੇਰ ਵੀ ਜਦ ਉਹ ਮੈਨੂੰ ਮਿਲਣ ਆਇਆ ਤਾਂ ਮੈਂ ਅੱਗੇ ਹੋ ਕੇ ਮਿਲਿਆ ਤੇ ਮੈਂ ਮਖੌਲ ਕਰਦੇ ਨੇ ਕਿਹਾ: "ਓ ਜੀ ਹੈਪੀ ਦਾ ਢਾਬਾ 'ਸੈਡ' ਚੰਗਾ ਨਹੀਂ ਲਗਦਾ। ਅੱਜ ਤੇ ਹੱਸ ਲਓ। ਅੱਜ ਤੇ ਤੁਹਾਡੀ ਆਜ਼ਾਦੀ ਦਾ ਦਿਨ ਹੈ ਜੀ। ਜੇ ਅੱਜ ਹੱਸੇ ਨਾ ਤਾਂ ਮੈਂ ਤੁਹਾਡੇ ਢਾਬੇ ਤੇ ਨਹੀਂ ਆਉਣਾ ਰੋਟੀ ਖਾਣ। ਉਹ ਕੁਕੜ-ਸ਼ੁਕੜ ਵੀ ਰਖਦੇ ਓ ਕਿ ਬਸ ਦਾਲ-ਮਖਣੀ ਨਾਲ ਹੀ ਸਾਰੀ ਜਾਂਦੇ ਓ। ਮੈਨੂੰ ਬਾਹਰ ਆ ਲੈਣ ਦਿਓ, ਪਾਰਟੀ ਆਪਾਂ ਤੁਹਾਡੇ ਢਾਬੇ ਤੇ ਹੀ ਕਰਨੀ ਹੈ| ਹੋਰ ਫਿਕਰ ਨਾ ਕਰੋ ਵਧੀਆ ਚੱਲ ਪੈਣਾ ਦੁਬਾਰਾ ਆਪਣਾ ਢਾਬਾ। ਮੈਂ ਲੈਕੇ ਆਉਂਗਾ ਗਾਹਕ।" ਮੈਨੂੰ ਇੰਝ ਲੱਗਾ ਉਹ ਆਪਣੇ ਕੰਮ ਨੂੰ ਲੈਕੇ ਥੋੜਾ ਪਰੇਸ਼ਾਨ ਸੀ ਕਿਉਂ ਜੋ ਢਾਬੇ ਦਾ ਨਾਮ ਖਰਾਬ ਹੋ ਗਿਆ ਸੀ ... ਫਿਰ ਮੈਨੂੰ ਲੱਗਿਆ ਨਹੀਂ, ਸ਼ਾਇਦ ਮੈਂ ਉਸ ਦਿਨ

ਉਸ ਉੱਤੇ ਕੁਝ ਜ਼ਿਆਦਾ ਹੀ ਭੜਕ ਗਿਆ ਸੀ। ਮੈਂ ਮੁਆਫੀ ਮੰਗਣ ਦੇ ਲਹਿਜੇ ਵਿਚ ਕਿਹਾ: "ਚਲੋ ਮਿੱਟੀ ਪਾਓ ਸਾਰੀਆਂ ਗੱਲਾਂ ਤੇ। ਕੋਈ ਭੁੱਲ ਚੁਕ ਹੋਈ ਹੋਵੇ ਤਾਂ ਆਪਣਾ ਬੱਚਾ ਸਮਝ ਕੇ ਮਾਫ਼ ਕਰ ਦੇਣਾ ....ਤੁਸੀਂ ਤਾਂ ਵੱਡੇ ਹੋ। ਨਾਲੇ ਮੈਨੂੰ ਉਸ ਦਿਨ ਇੰਝ ਨਹੀਂ ਸੀ ਬੋਲਣਾ ਚਾਹੀਦਾ। ਮੈਂ ਕਦੇ ਕਦੇ ਬਾਪੂ ਨੂੰ ਵੀ ਇੰਝ ਹੀ ਬੋਲ ਦਿਆ ਕਰਦਾ ਸਾਂ ਪਰ ਬਾਪੂ ਝੱਟ ਮੰਨ ਵੀ ਜਾਇਆ ਕਰਦਾ ਸੀ। ਤੁਸੀਂ ਵੀ ਮੰਨ ਜਾਓ ਨਾ |"

ਉਹ ਮੈਨੂੰ ਵੇਖ ਆਪਣਾ ਝੋਲਾ ਫਰੋਲਣ ਲੱਗ ਗਿਆ ਤੇ ਫਿਰ ਉਸਨੇ ਝੋਲੇ ਚੋਂ ਆਪਣਾ ਬਟੂਆ ਕੱਢਿਆ| ਮੈਨੂੰ ਲੱਗਾ ਜਿਵੇਂ ਆਪਣੇ ਬਟੂਏ 'ਚੋਂ ਪੈਸੇ ਕੱਢ ਮੈਨੂੰ ਪਿਆਰ ਦੇਣ ਲੱਗਾ ਹੈ।

ਪਰ ਕੰਜੂਸ! ਪਤਾ ਨਹੀਂ ਬਟੂਏ 'ਚੋਂ ਕੀ ਕੱਢਿਆ, ਬਟੂਆ ਫਿਰ ਆਪਣੇ ਝੋਲੇ 'ਚ ਪਾ ਲਿਆ ਅਤੇ ਬੰਨੀ ਤੇ ਪਿਆ ਆਪਣਾ ਗੁਟਕਾ ਸਾਹਿਬ ਮੈਨੂੰ ਫੜਾਉਂਦਿਆਂ ਕਹਿਣ ਲੱਗਾ "ਮੁਆਫ ਕਰੀਂ।"

"ਮੁਆਫ ਕਰੀਂ?" ਮੈਨੂੰ ਹੈਰਾਨੀ ਹੋਈ। ਮਾਫੀ ਤਾਂ ਮੈਂ ਮੰਗੀ ਸੀ ਉਸਤੋਂ ,ਹੁਣ ਇਹ ਪਤਾ ਨਹੀਂ ਕਾਹਦੀ ਮਾਫੀ ਮੰਗ ਰਿਹਾ ਸੀ। ਭੜਕਿਆ ਤਾਂ ਮੈਂ ਸੀ ਉਸਦੇ ਉੱਤੇ, ਉਹ ਤਾਂ ਪਿਆਰ ਨਾਲ ਹੀ ਸਮਝਾਉਂਦਾ ਰਿਹਾ ਸੀ। ਬਈ ਇਹੋ ਜਿਹੇ ਲੋਕਾਂ ਨੂੰ ਸਮਝਣਾ ਬਹੁਤ ਔਖਾ। ਓ!ਅਛਾ ਸਮਝਿਆ ਮੈਨੂੰ ਕਦੀ ਖੁਲ੍ਹ ਕੇ ਗਾਣੇ ਨਹੀਂ ਗਾਉਣ ਦਿੰਦਾ ਸੀ ਨਾ, ਸ਼ਾਇਦ ਇਸ ਲਈ ਮਾਫੀ ਮੰਗਦਾ ਹੋਊ। ਮੈਂ ਉਹਦੀ ਗੱਲ ਬਹੁਤੀ ਨਾ ਗੌਲੀ ਤੇ ਕਿਹਾ|ਜਦੋਂ ਜਾਂਦੇ ਜਾਂਦੇ ਪਾਠੀ ਜੀ ਨੇ ਗੁਟਕਾ ਸਾਹਿਬ ਮੇਰੇ ਹੱਥ ਦਿੱਤਾ ਤਾਂ ਮੈਂ ਕਿਹਾ "ਪਾਠੀ ਜੀ, ਗੁਟਕਾ ਸਾਹਿਬ ਤਾਂ ਮੈਂ ਰੱਖ ਲੈਂਦਾ ਆਂ, ਪਰ ਪਾਠ ਸਾਡੇ ਤੋਂ ਨਹੀਂ ਹੋਣਾ।" ਉਹ ਥੋੜਾ ਜਿਹਾ ਮੁਸਕਾਇਆ , ਜਦ ਮੈਂ ਉਹਦੇ ਪੈਰੀ ਪੈਣਾ ਕੀਤਾ। ਉਹਨੇ ਮੇਰੀ ਪਿੱਠ ਥਪਥਪਾਈ ਤੇ ਬਿਨਾ ਕੁਝ ਕਹੇ ਚਲਿਆ ਗਿਆ।

ਮੈਂ ਸੋਚਦਾ ਪਿਆ ਸਾਂ ਕਿ ਸ਼ਾਇਦ ਜਾਂਦੀ ਵਾਰੀ ਚੰਗਾ ਵੱਡਾ ਲੈਕਚਰ ਦੇ ਕੇ ਜਾਊ 'ਤੇ ਮੈਂ ਤਿਆਰ ਵੀ ਸਾਂ ਕੇ ਆਪਾਂ ਉਹਨੂੰ ਜਾਂਦੇ ਨੂੰ ਨਾਰਾਜ਼ ਨਹੀਂ ਕਰਨਾ। ਚੁੱਪ ਕਰਕੇ ਸੁਣੀ ਜਾਣਾ। ਸੁਣਨ ਵਿੱਚ ਕੀ ਹਰਜ਼ ਹੈ? ਜ਼ਰੂਰੀ ਤਾਂ ਨਹੀਂ ਕਿ ਅਮਲ ਵੀ ਕੀਤਾ ਜਾਵੇ? ਮੈਂ ਤਿਆਰ ਸਾਂ ਪਰ ਪਾਠੀ ਨੇ ਕੁਝ ਕਿਹਾ ਹੀ ਨਹੀਂ।

ਅਗਲੇ ਦਿਨ ...ਸਵੇਰੇ ਸਵੇਰੇ ਪਾਠੀ ਦੀ ਖਾਲੀ ਨੁੱਕਰ ਵੇਖ ਦਿਲ ਬੜਾ ਖੁਸ਼ ਹੋਇਆ। ਕਿੰਨੀ ਸੋਹਣੀ ਸਵੇਰ ਚੜ੍ਹੀ ਹੈ। ਮੈਂ ਰੱਜ ਕੇ, ਖੁੱਲ੍ਹ ਕੇ ਗਾਣੇ ਗਾਏ। ਪਰ ਥੋੜੇ ਚਿਰਾਂ ਬਾਅਦ ਮੈਂ ਗਾਣੇ ਗਾ ਗਾ ਥੱਕ ਜਿਹਾ ਗਿਆ।

ਸੱਚ ਦੱਸਾਂ ਤਾਂ ਵੈਸੇ ਮੈਨੂੰ ਪਾਠੀ ਦੀ ਕੋਈ ਘਾਟ ਮਹਿਸੂਸ ਤਾਂ ਨਹੀਂ ਸੀ ਹੋ ਰਹੀ ਪਰ 'ਉਹਦੇ' ਬਿਨਾ ਮਜ਼ਾ ਜਿਆ ਵੀ ਨਹੀਂ ਸੀ ਆ ਰਿਹਾ। ਫਿਰ ਇਕ ਦਿਨ ਮੇਰੀ ਨਜ਼ਰ ਬੰਨੀ ਤੇ ਪਏ 'ਗੁਟਕਾ ਸਾਹਿਬ 'ਤੇ ਪਈ। ਮੈਂ ਹੱਥ ਧੋ ਕੇ ਪਾਠੀ ਵਾਲੀ ਜਗਾ ਬੈਠ ਗਿਆ, ਤੇ ਸੋਚਿਆ ਅੱਜ ਪਾਠ ਹੀ ਕਰ ਲਿਆ ਜਾਵੇ। ਬੜੇ ਸਾਲ ਹੋ ਗਏ ਰੱਬ ਦਾ ਨਾਮ ਲਏ ਨੂੰ। ਮੈਂ ਚੌਂਕੜੀ ਮਾਰ ਪਾਠ ਕਰਨ ਲਈ ਗੁਟਕਾ ਸਾਹਿਬ ਚੁੱਕਿਆ।

ਇਕ ਓਂਕਾਰ, ਵਾਹਿਗੁਰੂ ਕਹਿੰਦਿਆਂ ਜਿਵੇਂ ਹੀ ਮੈਂ ਗੁੱਟਕਾ ਸਾਹਿਬ ਖੋਲ੍ਹਿਆ ਮੇਰੀ ਝੋਲੀ ਵਿਚ ਇਕ ੨੦ ਦਾ ਨੋਟ ਆ ਡਿੱਗਿਆ। ਮੈਂ ਨੋਟ ਫੜਕੇ ਸਿੱਧਾ ਕੀਤਾ। ਉਸ ਨੋਟ ਉਤੇ ਜੋ ਕੁਝ ਲਿਖਿਆ ਸੀ ਉਹ ਵੇਖ-ਪੜ੍ਹਦਿਆਂ ਮੈਨੂੰ ਇੱਕ ਝਟਕਾ ਜਿਹਾ ਲੱਗਿਆ। ਨੋਟ ਉਤੇ ਮੇਰੀ ਆਪਣੀ ਹੀ ਲਿਖਾਈ 'ਚ ਨਿੱਕਾ ਨਿੱਕਾ ਜਿਹਾ ਕਰਕੇ ਲਿਖਿਆ ਹੋਇਆ ਸੀ –

ਸਤਨਾਮ ਸਿੰਘ

ਪੁੱਤਰ ਸੁਚਾ ਸਿੰਘ

ਪਿੰਡ ਤੇ ਡਾ: ਰਾਜਪੁਰਾ

ਜਿਲਾ- ਜਲੰਧਰ

ਤੇ ਇਕ ਪਾਸੇ ਮੇਰਾ ਫ਼ੋਨ ਨੰਬਰ ਵੀ ਲਿਖਿਆ ਹੋਇਆ ਸੀ:**9876543210**

ਉਹ **20** ਦੇ ਨੋਟ ਨੂੰ ਵੇਖ ਮੇਰੀਆਂ ਅੱਖਾਂ ਭਰ ਆਈਆਂ। ਉਸ **20** ਦੇ ਨੋਟ ਨੇ ਝੱਟ ਮੇਰੀ ਸਾਲਾਂ ਤੋਂ ਸੁੱਤੀ ਆਤਮਾ ਨੂੰ ਝੰਜੋੜ ਕੇ ਜਗਾ ਦਿੱਤਾ। ਉਸ ਨੋਟ ਨੇ, ਬਾਪੂ ਤੇ ਪਾਠੀ ਦੀਆਂ ਗੱਲਾਂ, ਜੋ ਮੈਂ ਹਮੇਸ਼ਾਂ ਅਨਸੁਣੀਆਂ ਕਰ ਦਿੰਦਾ ਸਾਂ, ਬਿਨ ਕਹੇ ਹੀ ਸਮਝਾ ਦਿੱਤੀਆਂ।

ਉਸ **20** ਦੇ ਨੋਟ ਨੇ ਪਾਠੀ ਦੀ ਉਦਾਸੀ, ਚੁੱਪੀ ਤੇ ਮੁਆਫੀ ਦਾ ਕਾਰਨ ਵੀ ਬਿਨਾਂ ਪੁਛੇ ਦਸ ਦਿੱਤਾ।

ਮੈਂ ਉਹ **20** ਦੇ ਨੋਟ ਨੂੰ ਕਿੰਨਾ ਚਿਰ ਵੇਖਦਾ ਰਿਹਾ। ਉਸ ਨੋਟ 'ਚ ਜਿਵੇਂ ਮੈਨੂੰ ਮੇਰਾ ਝੂਠ ਨਾਲ ਭਰਿਆ ਅਤੀਤ, ਸਾਫ਼ ਦਿਖਾਈ ਦੇ ਰਿਹਾ ਸੀ।

ਉਸ ਦਿਨ **20** ਦੇ ਨੋਟ 'ਚ ਮੇਰੇ ਬੋਲੇ ਉਹ ਸਭ ਝੂਠ, ਝੂਠੇ ਕੰਮ ...ਉਹ ਸਭ ਝੂਠੀਆਂ ਗਵਾਹੀਆਂ, ਤੇ ਸਭ ਝੂਠੇ ਧੰਦੇ, ਮੇਰੇ ਤੇ ਹੱਸ ਰਹੇ ਸਨ। ਮੈਂ ਆਪਣੀਆਂ ਨਜ਼ਰਾਂ 'ਚ ਇੰਨਾ ਡਿੱਗਿਆ ਡਿੱਗਿਆ ਅਨੁਭਵ ਕੀਤਾ ਕਿ ਮੈਥੋਂ ਉਸ ਨੋਟ ਵੱਲ ਹੋਰ ਵੇਖਣ ਦੀ ਜੁਰਅੱਤ ਨਾ ਪਈ। ਮੈਂ ਆਪਣੀਆਂ ਅੱਖਾਂ 'ਚ ਆਏ ਹੰਝੂ ਪੂੰਝੇ। ਆਪਣੇ ਆਪ ਨੂੰ ਇਕ ਵਾਰ ਜ਼ੋਰ ਦੀ ਝਾੜਿਆ- ਝੰਜੋੜਿਆ, ਤਾਂ ਜੋ ਮੇਰੇ ਉੱਤੇ ਲੱਦੀਆਂ ਝੂਠ ਦੀਆਂ ਪਰਤਾਂ ਲਹਿ ਜਾਣ, ਢਹਿ ਜਾਣ।

ਤੇ ਫੇਰ ਅੱਖਾਂ ਬੰਦ ਕਰ ਆਪਣੇ ਆਪ ਤੋਂ ਮੁਆਫੀ ਮੰਗਦੇ ਨੇ ਇਕ ਲੰਬਾ ਸਾਹ ਲਿਆ ਤੇ ਉਸ **20** ਦੇ ਨੋਟ ਨੂੰ ਓਸੇ ਤਰਾਂ ਗੁਟਕਾ ਸਾਹਿਬ ਅੰਦਰ ਰਖਿਆ ਤੇ ਸੱਚੇ ਸੁਚੇ ਮਨ ਨਾਲ ਪਾਠ ਕਰਨਾ ਸ਼ੁਰੂ ਕੀਤਾ:

**੧**ਓ –ਅਰਥ- ਓਹ ਹਸਤੀ ਇੱਕ ਹੈ। ਰੱਬ ਇਕ ਹੈ। ਸਤਿਨਾਮ –ਅਰਥ- ਉਸ ਦਾ ਨਾਮ ਸੱਚਾ ਹੈ।

ਸਤਿਨਾਮ? ਮੇਰੀਆਂ ਅੱਖਾਂ ਅੱਗੇ ਜਿਵੇਂ ਤਾਰੇ ਨੱਚਣ ਲੱਗ ਪਏ। ਨਜ਼ਰ ਧੁੰਧਲਾ ਗਈ। ਅੱਗੋਂ ਹੋਰ ਪੜ੍ਹਿਆ ਨਾ ਗਿਆ।

ਸਤਿ+ਨਾਮ =ਸਤਿਨਾਮ |ਸਤਿ ਦਾ ਤਾਂ ਅਰਥ ਹੀ ਸੱਚ ਹੁੰਦਾ |

ਮੇਰਾ ਨਾਮ ਵੀ ਤਾਂ ਸਤਨਾਮ ਹੈ |

**20** ਦਾ ਨੋਟ, ਚਸ਼ਮਦੀਦ ਗਵਾਹ ਬਣ ਮੈਨੂੰ ਚਿੜਾਉਣ ਲੱਗਿਆ -- ਮੇਰਾ ਕੰਮ... ਮੈਂ, ਮੇਰੀ ਜਿੰਦਗੀ ਸਭ ਕੁਝ ਝੂਠ....।ਮੈਂ ਤਾਂ ਆਪਣੇ ਨਾਮ 'ਸਤਿਨਾਮ' ਦੀ ਵੀ ਲਾਜ ਨਾ ਰੱਖੀ। ਇਹ ਮੈਂ ਕੀ ਕਰਦਾ ਰਿਹਾ ਸਾਰੀ ਜਿੰਦਗੀ |ਬਸ ਹੁਣ ਹੋਰ ਨਹੀਂ |ਹੁਣ ਹੋਰ ਝੂਠ ਨਹੀਂ | ਹੇ !ਰੱਬ ਸਚਿਆ ਮੈਨੂੰ ਮੁਆਫ ਕਰੀਂ |

## ੨

## ਤੋਤਾ ਕੇ ਤੋਤੇ ਦੀ ਚੁੰਝ ...

ਮੈਂ ਨਾਂ ਤਾਂ ਕੋਈ ਲੇਖਕ ਹਾਂ ,ਨਾਂ ਹੀ ਕੋਈ ਕਹਾਣੀਕਾਰ ਪਰ ਫੇਰ ਵੀ ਅੱਜ ਕੁਝ ਲਿਖਣ ਨੂੰ ਜੀ ਕਰ ਆਇਆ |ਸੋ ...

... ਜਿਸ ਦਿਨ ਮੈਨੂੰ ਮੇਰੀ ਪਹਿਲੀ ਤਨਖਾਹ ਮਿਲੀ ਸੀ ਮੈਂ ਸਭ ਤੌਂ ਪਹਿਲਾਂ ਜੋ ਚੀਜ਼ ਖਰੀਦੀ ਸੀ ਓਹ ਸੀ –ਇਕ ਸਾਦਾ,ਸਾਧਾਰਣ ਜਿਹਾ ਮੋਬਾਇਲ ਫ਼ੋਨ|ਆਪਣੇ ਲਈ ਨਹੀਂ ਆਪਣੀ ਦਾਦੀ ਲਈ | ਇਹ ਕਹਾਣੀ ਵੀ ਮੇਰੀ ਦਾਦੀ ਦੀ ਹੈ | ਪਰ ਉਸ ਤੋਂ ਪਹਿਲਾਂ ਮੈਂ ਤੁਹਾਡੇ ਨਾਲ ਆਪਣੇ ਬਚਪਨ ਤੇ ਆਪਣੇ ਦਾਦੀ ਨਾਲ ਰਿਸ਼ਤੇ ਬਾਰੇ ਕੁਝ ਗੱਲਾਂ ਸਾਂਝੀਆਂ ਕਰਨੀਆਂ ਚਾਹੁੰਦਾ ਹਾਂ |

ਦਰਅਸਲ ਮੇਰਾ ਮੇਰੀ ਦਾਦੀ ਨਾਲ ਰਿਸ਼ਤਾ ਮਾਵਾਂ ਤੋਂ ਵੀ ਗੂੜਾ ਹੈ | ਮੇਰੀ ਜਿੰਦਗੀ ਦੇ ਹਰ ਪੜਾਹ 'ਚ ਦਾਦੀ ਦਾ ਅਹਿਮ ਯੋਗਦਾਨ ਰਿਹਾ ਹੈ |ਵੈਸੇ ਤਾਂ ਕਹਿੰਦੇ ਨੇ –ਬੱਚੇ ਨੂੰ ਜਨਮ ਦੇਣ ਵਾਲੇ ਤੋਂ ਜਿਆਦਾ ਓਦੇ ਤੇ ਉਸ ਨੂੰ ਪਾਲਣ ਵਾਲੇ ਦਾ ਹੱਕ ਹੁੰਦਾ ਹੈ | ਪਰ ਮੈਨੂੰ ਹਮੇਸ਼ਾਂ ਤੋਂ ਇੰਜ ਲਗਦਾ ,ਬੱਚੇ ਦਾ ਵੀ ਸਭ ਤੋਂ ਵੱਡਾ ਫਰਜ਼ ਪਾਲਣ ਵਾਲੇ ਪ੍ਰਤੀ ਹੁੰਦਾ | ਸੱਚ ਦੱਸਾਂ ਤਾਂ ਮੈਂ ਬਹੁਤ ਹੀ ਖੁਸ਼ਨਸੀਬ ਹਾਂ ,ਮੈਨੂੰ ਦੁਨੀਆਂ ਦੇ ਸਭ ਤੋਂ ਚੰਗੇ ਮਾਂ –ਬਾਪ ਮਿਲੇ ਤੇ ਉਸ ਤੋਂ ਵੀ ਚੰਗੇ ਦਾਦਾ-ਦਾਦੀ |ਵੈਸੇ ਕਦੀ ਕੋਈ ਮਾਂ-ਬਾਪ ਜਾਂ ਦਾਦੀ ਦਾਦਾ ਵੀ ਕਿਸੇ ਦੇ ਮਾੜੇ ਹੁੰਦੇ ਨੇ ...ਨਹੀਂ |ਇਹ ੧੯੯੦ ਦੀ ਗੱਲ ਹੈ |ਓਸ ਮਹਿੰਗਾਈ ਦੇ ਜਮਾਨੇ 'ਚ ਮੇਰੇ ਮਾਤਾ ਪਿਤਾ ਦੋਨੋਂ ਹੀ ਵਰਕਿੰਗ ਮਤਲਬ ਕਿ ਨੌਕਰੀਪੇਸ਼ਾ ਸਨ |ਜਿੱਥੇ ਮੇਰੇ ਮਾਤਾ –ਪਿਤਾ ਨੇ ਮੈਨੂੰ ਇਕ ਸਫਲ ਇੰਜੀਨੀਅਰ ਬਣਾਉਣ 'ਚ ਕੋਈ ਕਸਰ ਨਹੀਂ ਛੱਡੀ, ਓਵੇਂ ਹੀ ਮੇਰੇ ਦਾਦੀਜੀ –ਦਾਦਾਜੀ ਨੇ ਚੰਗਾ ਤੇ ਨੇਕ ਇਨਸਾਨ ਬਣਾਉਣ 'ਚ ਬਹੁਤ ਮਿਹਨਤ ਕੀਤੀ | ਅੱਜ ਮੈਂ ਜੋ ਵੀ ਹਾਂ ,ਜਿੱਥੇ ਵੀ ਪਹੁੰਚਿਆ ਹਾਂ ,ਆਪਣੇ ਮਾਂ-ਬਾਪ ਦੀ ਕੜੀ ਮਿਹਨਤ ਤੇ ਦਾਦੀ - ਦਾਦੇ ਦੇ ਪਿਆਰ ਤੇ ਆਸ਼ੀਰਵਾਦ ਸਦਕਾ | ਮੈਨੂੰ ਜੋ ਮੇਰੇ ਬਚਪਨ ਬਾਰੇ ਸੁਨਣ ਨੂੰ ਮਿਲਿਆਂ ਓਹ ਇਹ ਕਿ ਮੇਰੇ ਮਾਤਾਜੀ ਮੇਰੇ ਜਨਮ ਤੋਂ ਪਹਿਲੋਂ ਦੇ ਹੀ ਨੋਕਰੀ ਕਰਦੇ ਸਨ |ਮੇਰੇ ਪੈਦਾ ਹੋਣ 'ਤੇ ਓਨਾਂ ਨੂੰ ਤਿੰਨ ਮਹੀਨਿਆਂ ਦੀ ਹੀ ਛੁੱਟੀ ਮਿਲੀ |ਏਸ ਕਰਕੇ ਜਿਸ ਦਿਨ ਮੈਂ ਤਿੰਨਾ ਮਹੀਨਿਆਂ ਦਾ ਹੋਇਆ ,ਮੇਰੀ ਮਾਂ ਨੇ ਮੈਨੂੰ ਦਾਦੀ ਦੀ ਝੋਲੀ ਪਾ ਦਿੱਤਾ |ਇਹ ਓਹਨਾਂ ਲਈ ਕੋਈ ਸੋਖਾ ਨਹੀਂ ਸੀ ਪਰ ਓਹ ਹੋਰ ਕਰਦੇ ਵੀ ਕੀ |ਤੇ ਓਸ ਦਿਨ ਤੋਂ ਮੇਰਾ ਸਾਰਾ ਦਿਨ,ਸਾਰਾ ਸਮਾਂ-ਮੇਰੇ ਦਾਦੀਜੀ ਤੇ ਦਾਦਾਜੀ ਨਾਲ ਹੀ ਬੀਤਣ ਲੱਗਾ |ਮੰਮੀ-ਪਾਪਾ ਸਵੇਰੇ ਘਰੋਂ ਜਾਂਦੇ ਤੇ ਰਾਤ ਪਏ ਆਉਂਦੇ ਸਨ |ਪਿਛੋਂ ਮੇਰੇ ਦਾਦੀਜੀ,ਦਾਦਾਜੀ ਹੀ ਨਵਾਂਉਦੇ-ਧਵਾਂਉਦੇ ,ਖਵਾਉਂਦੇ-ਪਿਆਉਂਦੇ ,ਖੇਡਦੇ ,ਸੰਭਾਲਦੇ ਤੇ ਸਵਾਉਂਦੇ ਸਨ |ਮੇਰੇ ਮੰਮੀ-ਪਾਪਾ ਦੇ ਘਰ ਵਾਪਿਸ ਆਉਣ ਤੱਕ ਮੈਂ ਸੋ-ਸੂ ਜਾਂਦਾ ਸੀ | ਪਹਿਲੋਂ ਪਹਿਲੋਂ ਤਾਂ ਉਹ ਮੈਨੂੰ ਸੁੱਤੇ ਨੂੰ ਚੁੱਕ ਕੇ ਆਪਣੇ ਨਾਲ ਸਵਾਉਣ ਲਈ ਲੈ ਜਾਂਦੇ |ਪਰ ਜਿਵੇਂ ਜਿਵੇਂ ਮੈਂ ਵੱਡਾ ਹੁੰਦਾ ਗਿਆ, ਮੈਨੂੰ ਦਾਦੀ ਨਾਲ ਸੌਣ ਦੀ ਆਦਤ ਪੈ ਗਈ ਤੇ ਇਹ ਆਦਤ ਏਨੀ ਪੱਕੀ ਹੋ ਗਈ ਕਿ ਜੇ ਕਦੀ ਮੈਨੂੰ ਸੁੱਤੇ ਨੂੰ ਚੁੱਕ ਲਿਆ ਜਾਂਦਾ ਤਾਂ ਮੈਂ ਬਹੁਤ ਰੋਂਦਾ ਤੇ ਫੇਰ ਦਾਦੀ ਦੇ ਨਾਲ ਲੱਗ ਕੇ ,ਘੁਟ ਗਲਵਕੜੀ ਪਾ ਹੀ ਸੌਂਦਾ ਸਾਂ |ਮੇਰੇ ਮੰਮੀ ਕਦੀ ਕਦਾਈ ਆਪਣੇ ਦਫਤਰ ਤੋਂ ਜਲਦੀ ਆ ਜਾਂਦੇ ਤਾਂ ਜੋ ਮੈਨੂੰ ਵੱਡੇ ਹੁੰਦੇ ਨੂੰ ਵੇਖ ਸਕਣ ਤੇ ਮੇਰੇ ਲਾਡ ਲਡਾ ਸਕਣ |ਮੈਂ ਪਹਿਲੀ ਪਲਾਂਗ ਪੁੱਟੀ ਤਾਂ ਆਪਣੇ ਦਾਦਾਜੀ ਦੀ ਉਂਗਲ ਫੜ ਕੇ |ਤੇ ਆਪਣੀ ਤੋਤਲੀ ਜਬਾਨ ਤੋਂ ਜੋ ਪਹਿਲਾ ਲਫ਼ਜ ਬੋਲਿਆ ਓ ਸੀ –ਦਾਦੀ|ਜਿਸ ਦਿਨ ਮੇਰੀ ਦਾਦੀ ਨੇ ਮੇਰੇ ਮੂੰਹ ਅੰਦਰ ਛੋਟੀ ਜਹੀ ਦੰਦੀ ਨਿਕਲਦੀ ਵੇਖੀ ਤਾਂ ਓ ਬਹੁਤ ਖੁਸ਼ ਹੋਈ ਭੀ 'ਮੇਰਾ ਪੁੱਤ ਵੱਡਾ ਹੋ ਗਿਆ |' ਬਸ ਵਖਤ ਬੀਤਦਾ ਗਿਆ | ਹੁਣ ਮੈਂ ਚਾਰ ਦੰਦੀਆਂ ਕੱਡ ਹੋਰ ਵੱਡਾ ਹੋ ਗਿਆ ਸਾਂ |ਤੇ ਵੱਡਾ ਹੋਣ ਦੇ ਨਾਲ ਨਾਲ ਸ਼ਰਾਰਤੀ ਵੀ ਹੋ ਗਿਆ ਸਾਂ |ਸਾਰਾ ਦਿਨ ਕਦੀ ਦਾਦੀ ਨੂੰ ਤੇ ਕਦੇ ਦਾਦਾਜੀ ਨੂੰ ਦੰਦੀਆਂ ਵੱਡਦਾ ਰਹਿੰਦਾ |ਇਕ ਦਿਨ ਤਾਂ ਮੈਂ ਆਪਣੇ ਦਾਦਾ ਜੀ ਨੂੰ ਏਡੀ ਜੋਰ ਦੀ ਦੰਦੀ ਵੱਡ ਦਿੱਤੀ ਕਿ ਓਹਨਾਂ ਦੀਆਂ ਝੁਰੜੀਆਂ ਵਾਲੀ ਪੋਲੀ ਜਹੀ ਚਮੜੀ 'ਚੋਂ ਲਹੂ ਹੀ ਕੱਡ ਦਿੱਤਾ |ਉਸ ਦਿਨ ਜੱਦ ਮੇਰੇ ਮੰਮੀ-ਪਾਪਾ ਘਰ ਆਏ ਤਾਂ ਓਹ ਮੇਰੇ ਤੋਂ ਜਿਆਦਾ ਮੇਰੇ ਦਾਦੀ-ਦਾਦਾ ਨੂੰ ਗੁੱਸੇ ਹੋਣ ਲੱਗ ਗਏ | "ਤੁਸੀਂ ਮੋੜਦੇ ਨੀ

ਏਨੂੰ ,ਅੱਜ ਦੰਦੀ ਵੱਡੀ ਕੱਲ ਨੂੰ ਕੋਈ ਚੀਜ਼ ਚੁੱਕ ਕੇ ਤੁਹਾਡੀ ਅੱਖ 'ਚ ਮਾਰੇਗਾ |ਦਿਨ- ਬ- ਦਿਨ ਵਿਗੜੀ ਜਾਂਦਾ, ਥੋੜਾ ਜਿਹਾ ਤਾਂ ਗੁੱਸੇ ਹੋਇਆ ਕਰੋ ਇਸਨੂੰ |ਵੇਖਿਓ ,ਤੁਹਾਡੇ ਲਾਡ ਪਿਆਰ ਨੇ ਇਨੂੰ ਵਗਾੜ ਦੇਣਾ |ਇਕ ਵਾਰੀ ਬੱਚਾ ਵਿਗੜ ਗਿਆ ਤਾਂ ਸਮਝੋ ਹਥੋਂ ਨਿਕਲ ਗਿਆ |ਵੇਖੋ ਕਿਤੇ ਸੁਣਦਾ ਏ ਗੱਲ |ਸਾਨੂੰ ਤਾਂ ਕੁਝ ਸਮਝਦਾ ਹੀ ਨਹੀਂ |ਜੇ ਅਸੀਂ ਕੁਝ ਕਹਿੰਦੇ ਹਾਂ ਤਾਂ ਝੱਟ ਰੋਂਦਾ ਤੁਹਾਡੀ ਬੁੱਕਲ 'ਚ ਜਾ ਵੜਦਾ |ਮੈਂ ਕਰ ਲਿਆ ਫੈਸਲਾ ਇਨੂੰ **daycare (**ਡੇ-ਕੇਅਰ )'ਚ ਪਾਉਣ ਦਾ |ਨਾਲੇ ਥੋੜਾ ਸੁਧਰ ਜਾਉ ਤੇ ਨਾਲੇ ਤੁਹਾਨੂੰ ਦੋਨਾ ਨੂੰ ਵੀ ਥੋੜਾ ਟਾਇਮ ਮਿਲੂਗਾ ਆਰਾਮ ਕਰਨ ਦਾ |ਤੁਹਾਡੀ ਤਾਂ ਭੂਤਨੀ ਭਵਾ ਦਿੰਦਾ ਏ ਮੁੰਡਾ |" ਮੇਰੇ ਦਾਦਾ ਜੀ ਤੇ ਦਾਦੀਜੀ ਦਾ ਤਾਂ ਮੈਨੂੰ ਬਾਹਰ ਕਿਤੇ ਰੱਖਣ ਦੇ ਨਾਮ ਤੌਂ ਹੀ ਮਨ ਖਰਾਬ ਹੋ ਗਿਆ |ਦਾਦੀਜੀ ਤਾ ਸੁਣਿਆ ਹੈ ਰੋਣ ਹੀ ਲੱਗ ਗਏ ਸਨ |ਮੈਂ ਓਹਨਾਂ ਦਾ ਖਡੋਨਾਂ ਸਾਂ ,ਓਹਨਾਂ ਦੇ ਬੁੱਡੇ ਚਹਿਰੀਆਂ ਦਾ ਹਾਸਾ ਤੇ ਸਾਰਾ ਦਿਨ ਰੁਝੇ ਰਹਿਣ ਦੀ ਵਜਾ |ਮੇਰੇ ਨਾਲ ਓਹਨਾਂ ਦਾ ਇਕ ਆਰ੍ ਬਣਿਆ ਸੀ |ਸੋ ਇਹ ਗੱਲ ਓਹਨਾਂ ਦੋਵਾਂ ਨੂੰ ਪਸੰਦ ਨਾ ਆਈ ਭਾਵੇਂ ਮੇਰੇ ਪਿਤਾਜੀ ਨੇ ਓਹਨਾ ਬਾਰੇ ਸੋਚ ਕੇ ਹੀ ,ਓਹਨਾ ਵੱਲ ਦੀ ਹੀ ਇਹ ਗੱਲ ਕੀਤੀ ਸੀ | "ਮੂਲ ਨਾਲੋਂ ਵਿਆਜ ਪਿਆਰਾ ਹੁੰਦਾ|"ਦਾਦੀ ਨੇ ਇਹ ਰੋਂਦੇ ਰੋਂਦੇ ਕਹਿ ਦਿੱਤਾ | "ਅਸੀਂ ਤੇਨੂੰ ਵੀ ਪਾਲਿਆ ਹੈ,ਤੂੰ ਤਾਂ ਨਹੀਂ ਵਿਗੜਿਆ|ਫੇਰ ਸਾਡੇ ਲਾਡ ਪਿਆਰ ਨਾਲ ਇਹ ਕਿੱਦਾਂ ਵਿਗੜ ਜਾਊ|ਤੇ ਰਹੀ ਦਬਕਣ ਤੇ ਝਿੜਕਣ ਤੇ ਡਰਾਉਣ ਦੀ ਗੱਲ ...ਅਸੀਂ ਨਹੀਂ ਇਹ ਸਭ ਕਰ ਸਕਦੇ ਤੇ ਨਾਂ ਹੀ ਅਸੀਂ ਤੁਹਾਨੂੰ ਦੋਨਾਂ ਨੂੰ ਇਸ ਨਿੱਕੀ ਜਹੀ ਜਾਨ ਨੂੰ ਹੱਥ ਲਾਉਣ ਦੇਣਾ ਹੈ |ਤੇ ਸੁਣ ਲਓ ਤੁਸੀਂ , ਅੱਜ ਕਹਿ ਦਿੱਤਾ ਪਰ ਅਗਿਓ ਨਾ ਕਹਿਓ ਆ ਡੇ- ਕੇਅਰ ਕੁਅਰ ਵਾਲੀ ਗੱਲ|ਤੇ ਜੇ ਇਹ ਆ ਡੇ-ਕੇਅਰ 'ਚ ਜਾਊ,ਤਾਂ ਸਾਨੂੰ ਬੁਢਾ ਬੁੱਢੀ ਨੂੰ ਵੀ ਕਿਸੇ ਬਿਰਧ ਆਸ਼ਰਮ ਚ ਛੱਡ ਆਇਓ |"ਦਾਦੀ ਕਈ ਵਾਰੀ ਦਸਦੇ ਨੇ ਕਿ ਮੇਰੇ ਮੰਮੀ-ਪਾਪਾ ਓਸ ਦਿਨ ਤੋਂ ਏਹੋ ਜਹੇ ਡਰੇ ਤੇ ਚੁੱਪ ਹੋਏ ਕੇ ਫੇਰ ਓਹਨਾਂ ਨੇ ਕਦੀ ਉਸ ਬਾਰੇ ਕੋਈ ਗੱਲ ਨਹੀਂ ਕੀਤੀ|

ਤੇ ਮੈਂ ਜਿਵੇਂ ਜਿਵੇਂ ਵੱਡਾ ਹੁੰਦਾ ਗਿਆ ਓ ਬਜ਼ੁਰਗ ਹੁੰਦੇ ਗਏ | ਮੇਰੇ ਦਾਦਾਜੀ ਦਿਲ ਦੀ ਬਿਮਾਰੀ ਤੋਂ ਪੀੜਤ ਸਨ | ਇਕ ਦਿਨ ਅਚਾਨਕ ਓ ਮੈਨੂੰ ਤੇ ਦਾਦੀ ਨੂੰ ਛੱਡ ਕੇ ਚਲੇ ਗਏ |ਓਸ ਸਾਲ ਮੈਂ ਸੱਤਵੀ 'ਚ ਪੜਦਾ ਸਾਂ|ਦਾਦਾ ਜੀ ਦੇ ਜਾਣ ਮਗਰੋਂ ਦਾਦੀਜੀ ਵੀ ਟੁਟ ਜਏ ਗਏ |ਸਾਡਾ ਸਭ ਕੁਝ ਜਿਵੇਂ ਉਥਲਪੁਥਲ ਹੋ ਗਿਆ |ਮੈਂ ਦਾਦੀ ਦੀਆਂ ਅੱਖਾਂ 'ਚ ਹੰਝੂ ਨਹੀਂ ਸਾਂ ਵੇਖ ਸਕਦਾ |ਪਰ ਮੇਰੀ ਦਾਦੀ ਬਹਾਦਰ ਸੀ ,ਉਸ ਨੇ ਆਪਣੇ ਆਪ ਨੂੰ ਸੰਭਾਲਿਆ ਤੇ ਮੈਨੂੰ ਵੀ |ਪਰ ਮੈਂ ਹੁਣ ਕੋਈ ਛੋਟਾ ਬੱਚਾ ਨਹੀਂ ਸਾਂ ਜੋ ਦਾਦੀ ਨੂੰ ਸਮਝ ਨਾਂ ਸਕਾਂ | ਤੇ ਮੇਰਾ ਕਿਤੇ ਵੀ ਜੀ ਨਹੀਂ ਸੀ ਲਗਦਾ |ਸਕੂਲ 'ਚ ਪੜਾਈ ਚ ਵੀ ਮਨ ਨਹੀਂ ਸੀ ਲਗਦਾ |ਤੇ ਨਾਂ ਹੀ ਸਕੂਲ ਜਾਣ ਨੂੰ ਜੀ ਕਰਦਾ ਸੀ |ਨਾ ਹੀ ਬਾਹਰ ਦੋਸਤਾਂ ਨਾਲ ਪਹਿਲਾਂ ਵਾਂਗ ਖੇਡਣ ਨੂੰ ਹੀ ਦਿਲ ਕਰਦਾ | ਹਰ ਵਖਤ ਮੇਰਾ ਧਿਆਨ ਦਾਦੀ ਵਿਚ ਰਹਿੰਦਾ | ਸਕੂਲ ਚ ਮੈਨੂੰ ਇਹ ਹੀ ਫਿਕਰ ਲੱਗਾ ਰਹਿੰਦਾ ਕਿ ਘਰ ਦਾਦੀ ਇਕੱਲੀ ਹੈ ,ਓ ਉਦਾਸ ਵੀ ਹੈ|ਕਿਤੇ ਦਾਦੀ ਨੂੰ ਵੀ ਦਾਦਾ ਜੀ ਵਾਂਗ ਕੁਝ ਹੋ ਨਾ ਜਾਏ| ਏਸ ਡਰੋਂ ,ਮੈਂ ਦਾਦੀ ਨੂੰ ਕਦੀ ਇਕੱਲੇ ਨਹੀਂ ਸਾਂ ਛੱਡਣਾ ਚਾਹੁੰਦਾ| ਮੈਂ ਕਈ ਵਾਰੀ ਢਿਡ ਪੀੜ ਦਾ ਬਹਾਨਾ ਬਣਾ ਸਕੂਲੋਂ ਛੁੱਟੀ ਕਰ ਲਿਆ ਕਰਦਾ , ਤਾਂ ਜੋ ਦਾਦੀ ਦੇ ਇਕਲੇਪਨ ਨੂੰ ਦੂਰ ਕਰ ਸਕਾਂ |ਏਸੇ ਤਰਾਂ ਵਖਤ ਬੀਤਦਾ ਗਿਆ | ਮੇਰਾ ਸਕੂਲ ਤੇ ਫੇਰ ਕਾਲਜ – ਤੇ ਇਕ ਦਿਨ ਮੇਰੀ ਪੜਾਈ ਖਤਮ ਹੋ ਗਈ |ਤੇ ਮੈਨੂੰ ਇਕ ਕੰਪਨੀ 'ਚ ਨੌਂਕਰੀ ਵੀ ਮਿਲ ਗਈ |ਜਿਸ ਦਿਨ ਮੇਰੀ ਨੌਂਕਰੀ ਲੱਗੀ ਘਰ ਚ ਖੁਸ਼ੀਆਂ ਭਰਿਆ ਮਹੌਲ ਸੀ |ਮੇਰਾ ਪਿਤਾ ਜੀ ,ਮਾਤਾ ਜੀ ਨੇ ਗਲੀ 'ਚ ਲੱਡੂ ਵੰਡੇ |ਸਭ ਖੁਸ਼ ਸਨ ਪਰ ਮੈਂ ਨਹੀਂ |ਦਾਦੀ ਵੀ ਖੁਸ਼ ਸੀ ਪਰ ਚੁੱਪ ਵੀ ਸੀ ...ਤੇ ਦਾਦੀ ਨੂੰ ਮੇਰੀ ਚੁੱਪੀ ਦਾ ਕਾਰਨ ਪਤਾ ਸੀ |ਇਹ ਨਵੀਂ ਮਿਲੀ ਨੌਂਕਰੀ ਦੂਸਰੇ ਸ਼ਹਿਰ 'ਚ ਸੀ| ਜਿਸ ਕਾਰਨ ਮੈਨੂੰ ਹੁਣ ਓਥੇ ਹੀ ਰਹਿਣਾ ਪੈਣਾ ਸੀ |ਤੇ ਮੈਂ ਆਪਣਾ ਘਰ ਛੱਡ ,ਨਹੀਂ ਜਾਣਾ ਚਾਹੁੰਦਾ ਸਾਂ |ਦਰਅਸਲ ਮੈਂ ਦਾਦੀ ਨੂੰ ਇੱਕਲਿਆਂ ਨਹੀਂ ਸਾਂ ਛੱਡ ਸਕਦਾ | ਪਰ ਮੈਂ ਖੁਲ ਕੇ ਇਹ ਗੱਲ ਬੋਲ ਨਹੀਂ ਸਕਦਾ ਸੀ|ਸੋ ਮੈਂ ਆਪਣੇ ਪਿਤਾ ਜੀ ਨਾਲ ਗੱਲ ਕੀਤੀ ਕਿ ਮੈਨੂੰ ਇਹ ਨਵੀਂ ਮਿਲੀ ਨੌਂਕਰੀ ਪਸੰਦ ਨਹੀਂ ਤੇ ਮੈਂ ਆਪਣੇ ਹੀ ਸ਼ਹਿਰ

‘ਚ ਨੌਕਰੀ ਕਰਨਾ ਚਾਹੁੰਦਾ ਹਾਂ |ਪਰ ਓ ਮੰਨੇ ਨਹੀਂ ਤੇ ਕਹਿਣ ਲੱਗੇ ਏਹੋ ਜਹੇ ਮੋਕੇ ਬਾਰ ਬਾਰ ਨਹੀਂ ਮਿਲਦੇ |ਜਦੋਂ ਏਥੇ ਮਿਲੇਗੀ ਓਦੋ ਓ ਛੱਡ ਕੇ ਏਥੇ ਆ ਜਾਈ|ਓਨੀ ਦੇਰ ਇਹ ਨੌਕਰੀ ਹੀ ਕਰ |

ਮੇਰੇ ਦਾਦੀਜੀ ਬਜ਼ੁਰਗ ਹੋ ਗਏ ਸਨ ਤੇ ਹੁਣ ਬਿਮਾਰ ਵੀ ਰਹਿਣ ਲੱਗੇ ਸਨ |ਸੋ ,ਮੇਰੇ ਮਾਤਾਜੀ ਨੇ ਨੋਕਰੀ ਛੱਡਣ ਤੇ ਘਰ ਦਾਦੀ ਕੋਲ ਰਹਿਣ ਦਾ ਫੈਸਲਾ ਕਰ ਲਿਆ |ਮੈਨੂੰ ਅੱਜ ਵੀ ਯਾਦ ਹੈ ,ਜਿਸ ਦਿਨ ਮੈਨੂੰ ਨੌਕਰੀ ਮਿਲੀ ,ਦਾਦੀ ਨਾਲ ਮੇਰੇ ਮੰਮੀ ਕਿਵੇਂ ਜੱਫੀਆਂ ਪਾ ਓਹਨਾਂ ਨੂੰ ਮਨਾ ਰਹੇ ਸਨ “ ਮੈਂ ਕੰਮ ਕਰ ਕਰ ਥੱਕ ਗਈ ਹਾਂ,ਹੁਣ ਤਾਂ ਮੁੰਡੇ ਨੂੰ ਵੀ ਨੌਕਰੀ ਮਿਲ ਗਈ ਹੈ |ਮੈਂ ਆਪਣੀ ਨੌਕਰੀ ਛੱਡਣ ਲੱਗੀ ਹਾਂ |ਮੈਂ ਤੁਹਾਡੇ ਨਾਲ ਰਵਾਂਗੀ |ਆਪਾਂ ਦੋਵੇਂ ਮਾਵਾਂ ਧੀਆਂ ਖੂਬ ਮਜ਼ੇ ਕਰਾਂਗੀਆਂ|”ਮੇਰੇ ਮਾਤਾ ਪਿਤਾ ਦੋਨਾਂ ਦੀ ਹੀ ਰਿਟਾਇਰਮੇਂਟ ਨੂੰ ਹਾਲੇ ਟਾਇਮ ਸੀ , ਹਾਲੇ ਕੁਝ ਹੋਰ ਸਾਲ ਸਨ |ਮੇਰੀ ਦਾਦੀ ਨੂੰ ਮੇਰੀ ਮਾਂ ਦਾ ਰਿਟਾਇਰ ਹੋ ਕੇ ਘਰ ਓਨ੍ਹਾਂ ਲਈ ਬੈਠ ਜਾਣ ਦਾ ਵਿਚਾਰ ਪਸੰਦ ਨਹੀਂ ਆਇਆ |ਤੇ ਓਹਨਾਂ ਨੇ ਮੇਰੀ ਮਾਂ ਨੂੰ ਨੌਕਰੀ ਨਾ ਛੱਡਣ ਦਿੱਤੀ |

ਜਿਸ ਦਿਨ ਮੈਂ ਨੌਕਰੀ ਲਈ ਘਰੋਂ ਤੁਰਨਾ ਲੱਗਾ |ਦਾਦੀ ਮੇਰਾ ਕੰਨ ਖਿੱਚਦੇ ਹੋਏ ਕਹਿਣ ਲੱਗੇ “ਆ ਕੀ ਸਹੁਰੇ ਚੱਲੀ ਕੁੜੀ ਵਾਂਗ ਰੋਂਦੂ ਜਈ ਸ਼ਕਲ ਬਣਾਈ ਹੋਈ ਏ|ਪਹਿਲੀ ਵਾਰੀ ਕੱਲਾ ਰਹਿਣ ਚੱਲਾਂ ਏ,ਹੱਸ ਕੇ ਘਰੋਂ ਜਾਈਦਾ|” ਤੇ ਫੇਰ ਮੈਨੂੰ ਗਲੇ ਲੱਗ ਆਸ਼ੀਰਵਾਦ ਦਿੰਦੇ ਹੋਏ ਕਹਿਣ ਲੱਗੇ –“ ਵਧੀਆ ਵਧੀਆ ਕੰਮ ਕਰੀਂ ,ਖੂਬ ਕਮਾਈਆਂ ਤੇ ਤਰੱਕੀਆਂ ਕਰੋ ਤੇ ਜਿੱਦਣ ਹੀ ਤੇਰੀ ਨੌਕਰੀ ਪੱਕੀ ਹੋਈ ਆਪਾਂ ਸੋਹਣੀ ਜਹੀ ਕੁੜੀ ਵੇਖ ਕੇ ਤੇਰਾ ਵਿਆਹ ਕਰ ਦੇਣਾ |”ਤੇ ਓ ਹੱਸਣ ਲੱਗ ਗਏ|ਮੈਂ ਦਾਦੀ ਦੇ ਗਲੇ ਲਗਦਿਆਂ ਕਹਿਣ ਲੱਗਾ “ਦਾਦੀ ਮੇਰਾ ਤੁਹਾਨੂੰ ਛੱਡ ਕੇ ਜਾਣ ਨੂੰ ਜੀ ਨਹੀਂ ਕਰਦਾ |” ਦਾਦੀ ਹੱਸਣ ਲੱਗੀ “ਓਏ ਕਮਲਿਆ ਏਨੀ ਕੂ ਗੱਲ ਨੂੰ ਲੈ ਕੇ ਉਦਾਸ ਏ |ਆ ਘਰ ਫ਼ੋਨ ਕਾਦੇ ਲਈ ਲੱਗਾ |ਤੇਰਾ ਜਦੋਂ ਦਿਲ ਕਰੇਗਾ ਤੂੰ ਫ਼ੋਨ ਕਰ ਲਿਆ ਕਰੀਂ |”

“ਦਾਦੀ ਮੇਰਾ ਤਾਂ ਰੋਜ਼ ਹੀ ਦਿਲ ਕਰਿਆ ਕਰੂਗਾ |”

“ਤੇ ਰੋਜ਼ ਕਰ ਲਿਆ ਕਰੀਂ |” ਮੈਂ ਦਾਦੀ ਨੂੰ ਵਾਅਦਾ ਕੀਤਾ ਕਿ ਮੈਂ ਰੋਜ਼ ਓਨਾ ਨੂੰ ਦਿਨ ‘ਚ ਇਕ ਵਾਰੀ ਫ਼ੋਨ ਜਰੂਰ ਕਰਿਆ ਕਰਾਂਗਾ | ਇਹ ਗੱਲ ਸੁਣ ਕੇ ਦਾਦੀ ਦੇ ਚਹਿਰੇ ਤੇ ਇਕ ਚਮਕ ਆ ਗਈ |ਮੈਨੂੰ ਪਤਾ ਸੀ ਦਾਦੀ ਲਈ ਮੇਰੇ ਤੋਂ ਵੀ ਔਖਾ ਸੀ ਮੈਨੂੰ ਭੇਜਣਾ|ਪਰ ਫ਼ੋਨ ਤੇ ਰੋਜ਼ ਗੱਲ ਕਰਨ ਵਾਲੀ ਗੱਲ ਨੇ ਮੇਰਾ ਜਾਣਾ ਥੋੜਾ ਸੌਖਾ ਕਰ ਦਿੱਤਾ |

ਦਾਦੀ ਮੇਰੇ ਫ਼ੋਨ ਦੀ ਉਡੀਕ ਚ ਫ਼ੋਨ ਦੇ ਕੋਲ ਹੀ ਬੈਠੀ ਰਹਿੰਦੀ ਸੀ |ਜੱਦ ਹੀ ਫ਼ੋਨ ਦੀ ਘੰਟੀ ਵੱਜਦੀ ਦਾਦੀ ਝੱਟ ਹੀ ਪਹਿਲੀ ਘੰਟੀ ‘ਚ ਹੀ ਫ਼ੋਨ ਚੁੱਕ ਲੈਂਦੀ |ਮੈਨੂੰ ਪਤਾ ਹੁੰਦਾ ਦਾਦੀ ਸਭ ਕਮ ਛੱਡ ਕੇ ਮੇਰੇ ਫ਼ੋਨ ਦੀ ਉਡੀਕ ਚ ਫ਼ੋਨ ਕੋਲ ਹੀ ਬੈਠੀ ਹੋਵੇਗੀ | **੧੫** ਦਿਨਾਂ ਬਾਦ ਮੈਂ **੨** ਦਿਨ ਲਈ ਘਰ ਗਿਆ |ਦਾਦੀ ਦਰਵਾਜ਼ੇ ਦਾ ਸਹਾਰਾ ਲੈ ਮੇਰੀ ਉਡੀਕ ‘ਚ ਬਾਹਰ ਹੀ ਖੜੀ ਸੀ |ਇਹ **੨** ਦਿਨਾਂ ‘ਚ ਦਾਦੀ ਨੇ ਮੈਨੂੰ ਬਹੁਤ ਘਿਓ ਖਵਾਇਆ ਕਿਓਂਕਿ ਉਸਨੂੰ ਲਗਦਾ ਸੀ ਮੈਂ ਬਾਹਰ ਦੀ ਰੋਟੀ ਖਾ ਕੇ ਕਮਜ਼ੋਰ ਹੋ ਗਿਆ ਹਾਂ |ਅਸਲ ਚ ਕਮਜ਼ੋਰ ਮੈਂ ਨਹੀਂ ਦਾਦੀ ਹੋ ਗਈ ਸੀ |ਹੁਣ ਤਾਂ ਓਹਨੂੰ ਉਠਣ ਲੱਗਿਆਂ ਗੋਡਿਆਂ ‘ਚ ਤਕਲੀਫ਼ ਹੁੰਦੀ ਸੀ |ਤੇ ਮੈਂ ਵੇਖਿਆ ਹੁਣ ਕਈ ਵਾਰੀ ਇਕ ਗੱਲ ਦੋ ਦੋ ਵਾਰੀ ਬੋਲਣੀ ਪੈਂਦੀ ਸੀ ਕਿਓਂਕਿ ਹੁਣ ਕੰਨਾ ਤੋਂ ਵੀ ਉਸਨੂੰ ਥੋੜਾ ਉੱਚਾ ਸੁਣਦਾ ਸੀ |

ਓਸ ਦਿਨ ਮੈਂ ਫੈਸਲਾ ਕਰ ਲਿਆ ਕਿ ਆਪਣੀ ਪਹਿਲੀ ਕਮਾਈ ਚੋ ਜੋ ਚੀਜ਼ ਮੈਂ ਸਭ ਤੋਂ ਪਹਿਲਾ ਖਰੀਦਾਂਗਾ ਓ ਹੈ ਦਾਦੀ ਲਈ ਇਕ ਮੋਬਾਇਲ ਫ਼ੋਨ ਤਾਂ ਜੋ ਓਹਨੂੰ ਥੋੜਾ ਜਿਹਾ ਵੀ ਉਠਕੇ, ਤੁਰ ਕੇ ਮੇਰਾ ਫ਼ੋਨ ਸੁਨਣ ਲਈ ਉਠਣਾ ਹੀ ਨਾ ਪਵੇ |ਤੇ ਤਨਖਾਹ ਮਿਲਦੇ ਹੀ ਮੈਂ ਇਕ ਸਾਦਾ ਜਿਹਾ ਮੋਬਾਇਲ ਫ਼ੋਨ ਲਿਆ | ਸਾਦਾ ਇਸ ਲਈ ਕਿਓਂਕਿ ਮੇਰੀ ਦਾਦੀ ਨੂੰ ਤਾ ਘਰ ਦੇ ਫ਼ੋਨ ਤੇ ਵੀ ਨੰਬਰ ਨਹੀਂ ਸੀ ਮਿਲਾਉਣਾ ਆਉਂਦਾ|... ਤੇ ਜਿਸ ਦਿਨ ਮੈਂ ਦਾਦੀ ਨੂੰ ਫ਼ੋਨ ਲੈਕੇ ਦਿੱਤਾ ਉਹ ਬਹੁਤ ਖੁਸ਼ ਹੋਈ ਤੇ ਉਹ ਕਹਿਣ ਲੱਗੀ –"ਆ ਚੀਜ਼ ਤਾਂ ਬਹੁਤ ਸੋਹਣੀ ਹੈ ਪਰ ਇਹ ਚਲਾਈ ਦਾ ਕਿਵੇਂ **???**ਆ ਕਿੰਨੇ ਸਾਰੇ ਬਟਨ ਨੇ ,ਮੈਨੂੰ ਨਹੀਂ ਚਲਾਉਣਾ ਆਉਣਾ ਇਹ |" ਮੈਨੂੰ ਪਤਾ ਸੀ ਦਾਦੀ ਨੂੰ ਫ਼ੋਨ ਚਲਾਉਣਾ ਨਹੀਂ ਆਉਂਦਾ |ਤੇ ਮੇਰੇ ਕੋਲ ਜਾਦਾ ਸਮਝਾਉਣ ਦਾ ਵਖਤ ਨਹੀਂ ਸੀ |ਸੋ ਮੈਂ ਦਾਦੀ ਨੂੰ ਕਿਹਾ –ਬਸ ਜਦੋਂ ਫ਼ੋਨ ਵੱਜੇ ਗਾ, ਆ ਹਰਾ ਬਟਨ ਦਬਾਨਾ ਹੈ ਤੇ ਕੰਨ ਨੂੰ ਲਾ ਲੈਣਾ ਹੈ |ਬਸ |ਮੈਂ ਦਾਦੀ ਨੂੰ ਆਪਣੇ ਫ਼ੋਨ ਤੋਂ ਘੰਟੀ ਮਾਰਦਾ ਤੇ ਦਾਦੀ ਨੂੰ ਆਪਣਾ ਨਵਾਂ ਫ਼ੋਨ ਚੁੱਕਣ ਲਈ ਕਹਿੰਦਾ ਤਾਂ ਜੋ ਦਾਦੀ ਨੂੰ ਫ਼ੋਨ ਚੁਕਣਾ ਆ ਜਾਵੇ |ਦਾਦੀ ਕਦੀ ਹਰਾ ਤੇ ਕਦੀ ਲਾਲ ਬਟਨ ਦਬਾ ਦੇਂਦੀ ਤੇ ਫ਼ੋਨ ਕੱਟ ਜਾਂਦਾ |ਮੈਂ ਦਾਦੀ ਨੂੰ ਬਹੁਤ ਸਖਾਉਣ ਦੀ ਕੋਸ਼ਿਸ਼ ਕੀਤੀ ਪਰ ਦਾਦੀ ਸਮਝ ਨਹੀਂ ਪਾ ਰਹੀ ਸੀ ਕੇ ਲਾਲ ਤੇ ਹਰਾ ਜੇ ਦੋ ਬਟਨ ਹਨ ਤਾਂ ਜਦੋਂ ਘੰਟੀ ਵੱਜੇਗੀ ਤਾਂ ਕਿਹੜਾ ਬਟਨ ਦਬਾ ਕੇ ਫ਼ੋਨ ਚੁਕਣਾ ਹੈ |

ਹੁਣ ਮੇਰੇ ਜਾਣ ਦਾ ਸਮਾਂ ਹੋ ਗਿਆ ਸੀ |ਪਰ ਦਾਦੀ ਨੂੰ ਹਾਲੇ ਵੀ ਫ਼ੋਨ ਚੁੱਕਣਾ ਨਹੀਂ ਸੀ ਆਇਆ |ਤੇ ਜਾਂਦੇ ਜਾਂਦੇ ਮੈਂ ਦਾਦੀ ਨੂੰ ਸੌਖਾ ਜਿਹਾ ਤਰੀਕਾ ਦੱਸਿਆ | "ਵੇਖੋ ਦਾਦੀ , ਤੋਤਾ ਕਿਹੜੇ ਰੰਗ ਦਾ ਹੁੰਦਾ"|" ਹਰਾ"| "ਤੇ ਬਸ ਤੁਸੀਂ ਹਰਾ ਬਟਨ ਦਬਾ ਦਿਓ ਜਦੋਂ ਫ਼ੋਨ ਦੀ ਘੰਟੀ ਵੱਜੀ |"

"ਬਸ ਏਨਾ ਹੀ ਕਰਨਾ ਤੁਸੀਂ ਠੀਕ ਹੈ |ਹਰਾ- ਤੋਤਾ |" ਬਸ ਇਹ ਕਹਿ ਕੇ ਮੈਂ ਗੱਡੀ ਚੜ ਗਿਆ |

ਮੈਨੂੰ ਪੂਰਾ ਵਿਸ਼ਵਾਸ ਸੀ ਦਾਦੀ ਨੂੰ ਹੁਣ ਸਮਝ ਆ ਗਈ ਹੋਵੇਗੀ |

ਉਸ ਦਿਨ ਜੱਦ ਮੈਂ ਦਫਤਰ ਪਹੁੰਚਿਆ |ਮੈਂ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਦਾਦੀ ਨੂੰ ਫ਼ੋਨ ਕੀਤਾ |ਪਰ ਦਾਦੀ ਨੇ ਫ਼ੋਨ ਹੀ ਨਹੀਂ ਚੁਕਿਆ |ਮੇਰੇ **੫-੧੦** ਵਾਰ ਫ਼ੋਨ ਕਰਨ ਤੇ ਵੀ ਦਾਦੀ ਨੇ ਜਦ ਫ਼ੋਨ ਨਾ ਚੁਕਿਆ ਤਾਂ ਫੇਰ ਮੈਂ ਘਰ ਦੇ ਫ਼ੋਨ ਤੇ ਘੰਟੀ ਮਾਰੀ ਦਾਦੀ ਨੇ ਇਕੋ ਘੰਟੀ 'ਚ ਹੀ ਫ਼ੋਨ ਚੁੱਕ ਲਿਆ |ਜੱਦ ਮੈਂ ਪੁਛਿਆ –"ਦਾਦੀਜੀ ਜੋ ਮੈਂ ਫ਼ੋਨ ਲੈਕੇ ਦਿੱਤਾ, ਓ ਕਿਓ ਨਹੀਂ ਚੁਕਦੇ ਪਏ|" ਤਾਂ ਓ ਕਹਿਣ ਲੱਗੀ ਓ ਤਾਂ ਵੱਜਾ ਹੀ ਨਹੀਂ |ਮੈਂ ਕਿਹਾ "ਵੱਜਾ ਹੀ ਨਹੀਂ ਏਦਾਂ ਕਿੱਦਾਂ ਹੋ ਸਕਦਾ|"

ਦਾਦੀ-"ਮਤਲਬ ਓ ਮੈਨੂੰ ਸੁਣਿਆ ਹੀ ਨਹੀਂ |"

" ਕਿਥੇ ਰਖਿਆ ਫ਼ੋਨ ਤੁਸੀਂ ਜੋ ਸੁਣਿਆ ਨਹੀਂ **?**" "ਸਰਾਨੇ ਹੇਠਾਂ"| "ਓ ਹੋ" ਮੈਂ ਕਿਹਾ |ਅਗਲੇ ਦਿਨ ਮੈਂ ਫੇਰ ਫ਼ੋਨ ਕੀਤਾ |ਇਹ ਕੀ ਦਾਦੀ ਮੇਰਾ ਫ਼ੋਨ ਕਿਉ ਨਹੀਂ ਚੁਕਦੇ ਪਏ |ਕਿਤੇ ਗੁਰਦਵਾਰੇ ਤਾਂ ਨਹੀਂ |ਮੈਂ ਫੇਰ ਫ਼ੋਨ ਕੀਤਾ ਦਾਦੀ ਨੇ ਫੇਰ ਕੱਟ ਦਿੱਤਾ |ਮੈਂ ਫੇਰ ਫ਼ੋਨ ਕੀਤਾ, ਫੇਰ ਕੱਟ ਤਾ| ਹਾਰ ਕੇ ਮੈਂ ਘਰ ਦੇ ਫੋਨ ਤੇ ਜਦੋਂ ਫ਼ੋਨ ਕੀਤਾ ਤਾਂ ਦਾਦੀ ਨੇ ਫ਼ੋਨ ਚੁੱਕ ਲਿਆ |

ਮੈਂ ਕਿਹਾ "ਦਾਦੀ ਫ਼ੋਨ ਕਿਉਂ ਬਾਰ ਬਾਰ ਕੱਟੀ ਜਾਂਦੇ ਸੀ |"ਤਾਂ ਦਾਦੀ ਕਹਿਣ ਲੱਗੀ "ਮੈਂ ਤਾਂ ਚੁਕਦੀ ਸਾਂ ਜਿਵੇਂ ਤੂੰ ਦਸ ਕੇ ਗਿਆ ਸੀ |ਪਰ ਅੱਗੋਂ ਤੇਰੀ ਕੋਈ 'ਵਾਜ਼ ਹੀ ਨਹੀਂ ਸੀ ਆਉਂਦੀ |"ਮੈਂ ਕਿਹਾ "ਦਾਦੀ ਤੁਸੀਂ ਲਾਲ ਬਟਨ ਦੱਬੀ ਜਾਂਦੇ ਸੀ ਸੋ ਫ਼ੋਨ ਕੱਟੀ ਜਾਂਦਾ ਸੀ |"

ਤੇ ਓ ਕਹਿਣ ਲੱਗੀ "ਹਾਂ, ਮੈਂ ਲਾਲ ਬਟਨ ਦਬਾਂਦੀ ਪਈ ਸਾਂ ,ਤੂੰ ਲਾਲ ਹੀ ਤਾਂ ਕਿਹਾ ਸੀ |ਮੈਂ ਫੇਰ ਸਮਝਾਉਣ ਲੱਗ ਗਿਆ ਦੱਸੋ ਹਰਾ ਕੇ ਲਾਲ |ਲਾਲ ਨਹੀਂ ਹਰਾ |ਤੋਤਾ ਕਿਹੋ ਜਹੇ ਰੰਗ ਦਾ ਹੁੰਦਾ - ਹਰਾ ਕੇ ਲਾਲ |"

ਓ ਕਹਿਣ ਲੱਗੀ "ਹਰਾ ਹੁੰਦਾ , ਪਰ ਓਦੀ ਚੁੰਝ ਤਾਂ ਲਾਲ ਹੁੰਦੀ ਹੈ ਨਾ |"

ਮੈਨੂੰ ਬਹੁਤ ਹਾਸਾ ਆਇਆ |ਤੀਸਰੇ ਦਿਨ ਮੈਂ ਜਦੋ ੧-੨ ਵਾਰੀ ਦਾਦੀ ਨੂੰ ਫ਼ੋਨ ਕੀਤਾ ਦਾਦੀ ਨੇ ਨਹੀਂ ਚੁਕਿਆ |ਮੈਂ ਸਮਝ ਗਿਆ ਦਾਦੀ ਪੱਕਾ ਘਰ ਦੇ ਫ਼ੋਨ ਕੋਲ ਹੀ ਬੈਠੀ ਹੋਵੇਗੀ |ਪਰ ਇਹ ਕੀ ਦਾਦੀ ਨੇ ਅੱਜ ਘਰ ਦਾ ਫ਼ੋਨ ਵੀ ਨਹੀਂ ਚੁਕਿਆ |ਮੇਰਾ ਦਿਲ ਬਹੁਤ ਘਬਰਾਇਆ |ਮੈਂ ਗਵਾਂਡੀਆਂ ਦੇ ਘਰ ਫ਼ੋਨ ਕੀਤਾ| ਦਾਦੀ ਉਥੇ ਸੀ | "ਦਾਦੀ ਆਪਣਾ ਫ਼ੋਨ ਤਾਂ ਨਾਲ ਲੈ ਆਉਣਾ ਸੀ |"ਦਾਦੀ ਕਹਿਣ ਲੱਗੀ " ਓ ਤਾਂ ਘਰ ਹੈ ,ਨਾਲੇ ਫ਼ੋਨ ਨਾਲ ਚੁੱਕਣ ਦੀ ਆਦਤ ਨਹੀਂ ਮੈਨੂੰ |"ਮੈਂ ਕਿਹਾ "ਦਾਦੀ ,ਇਹ ਮੋਬਾਇਲ ਦਾ ਮਤਲਬ ਹੀ ਹੁੰਦਾ ਜਿੱਥੇ ਜਾਓ ਨਾਲ ਲੈ ਜੋ |ਤਾਂ ਹੀ ਤਾਂ ਤੁਹਾਨੂੰ ਲੈ ਕੇ ਦਿੱਤਾ |"" ਠੀਕ ਹੈ ,ਮੈਂ ਅੱਗੇ ਤੋਂ ਧਿਆਨ ਰਖੂੰਗੀ |"

ਅੱਜ ਤਾਂ ਦਾਦੀ ਦਾ ਨੰਬਰ ਹੀ ਨਹੀਂ ਸੀ ਲਗਦਾ ਪਿਆ |

ਮੈਂ ਫੇਰ ਘਰ ਦੇ ਫ਼ੋਨ ਤੇ ਫ਼ੋਨ ਕੀਤਾ |ਦਾਦੀ ਫੇਰ ਆਪਣੀ ਸਹੇਲੀ ਕੋਲ ਗਵਾਂਡੀਆਂ ਦੇ ਘਰ ਸੀ |ਮੈਂ ਕਿਹਾ "ਦਾਦੀ....." "ਅੱਜ ਤਾਂ ਮੈਂ ਫ਼ੋਨ ਨਾਲ ਲੈ ਕੇ ਆਈ ਹਾਂ |ਤੇ ਮੈਨੂੰ ਪਤਾ ਲੱਗਾ ਦਾਦੀ ਦੇ ਫ਼ੋਨ ਦੀ ਚਾਰਜਿੰਗ ਖਤਮ ਹੋ ਗਈ ਸੀ |

ਗਲਤੀ ਤਾਂ ਮੇਰੀ ਹੀ ਸੀ |ਮੈਂ ਦਾਦੀ ਨੂੰ ਚਾਰਜਿੰਗ ਬਾਰੇ ਤਾਂ ਦੱਸਣਾ ਭੁਲ ਹੀ ਗਿਆ |ਤੁਸੀਂ ਮੰਨੋਗੇ ਨਹੀਂ, ਮੈਂ ਅਗਲੇ ਦਿਨ ਹੀ ਇਕ ਹਫਤੇ ਦੀਆਂ ਛੁੱਟੀਆਂ ਲੈਕੇ ਘਰ ਚਲਾ ਗਿਆ |ਮੈਂ ਜਦ ਘਰ ਗਿਆ ਤਾਂ ਦਾਦੀ ਮੈਨੂੰ ਅਚਾਨਕ ਵੇਖ ਕੇ ਬਹੁਤ ਹੀ ਖੁਸ਼ ਹੋਈ |ਨਵੀਂ ਨੌਂਕਰੀ 'ਚ ਇਕ ਹਫਤੇ ਦੀ ਛੁੱਟੀ ਮਿਲਣੀ ਸੌਖੀ ਨਹੀਂ ਸੀ ਪਰ ਮੇਰਾ ਹੁਣ ਕੰਮ ਤੋਂ ਜਾਦਾ ਦਾਦੀ ਵੱਲ ਧਿਆਨ ਰਹਿੰਦਾ ਸੀ |ਮੈਂ ਸੋਚਿਆ ਹੁਣ ਤਾਂ ਫ਼ੋਨ ਸਿਖਾ ਕੇ ਹੀ ਰਹਿਣਾ ਹੈ |

ਦਾਦੀ ਨੂੰ ਜੱਦ ਮੈਂ ਆਪਣੀ ਛੁੱਟੀ ਦੀ ਵਜਾ ਦੱਸੀ ਤਾਂ ਦਾਦੀ ਹੱਸਣ ਲੱਗੀ|ਓ ਕਹਿਣ ਲੱਗੀ:ਜੇ ਤੇਰੇ ਪਾਪਾ ਨੂੰ ਪਤਾ ਲੱਗਾ ਤਾਂ ਵੇਖੀ ਕਿੰਨੀ ਡਾਂਟ ਪੇਂਦੀ |ਪਰ ਫ਼ੋਨ ਸਿਖਣ ਚ ਦਾਦੀ ਨੇ ਕੋਈ ਦਿਲਚਸਬੀ ਨਾ ਵਿਖਾਈ |ਓਹਨੂੰ ਸਿਰਫ ਏਸ ਚੀਜ਼ ਨਾਲ ਮਤਲਬ ਸੀ ਭੀ ਹੁਣ ਜੇ ਮੈਂ ਘਰ ਆਇਆ ਹਾਂ ਤਾਂ ਸਬਜ਼ੀ ਚ ਦੇਸੀ ਘਿਓ ਭਰ ਭਰ ਖਵਾਇਆ ਜਾਵੇ ਤੇ ਮੇਰੀ ਸਿਹਤ ਬਣਾਈ ਜਾਵੇ |ਨਾਲ ਲੈਕੇ ਜਾਣ ਨੂੰ ਪਿੰਨੀਆਂ ਬਣਾ ਦਿੱਤੀਆਂ ਜਾਣ |...

ਪਰ ਮੈਂ ਵੀ ਇਹ ਪੱਕਾ ਕਰ ਲਿਆ ਸੀ ਕਿ ਮੈਂ ਇਸ ਵਾਰੀ ਦਾਦੀ ਨੂੰ ਸਭ ਸਿਖਾ ਕੇ ਹੀ ਰਹਿਣਾ ਹੈ |ਓਸੇ ਦਿਨ ਮੈਂ ਦਾਦੀ ਦੀ ਪਹਿਲੀ ਕਲਾਸ ਲਈ |ਦਾਦੀ ਕਹਿਣ ਲੱਗੀ "...ਛੱਡ ਆ ਫ਼ੋਨ ਆਪਾਂ ਗੱਲਾਂ ਕਰਦੇ ਹਾਂ|"ਪਰ ਮੈਂ ਸਖ਼ਤ ਹੋ ਕੇ ਕਿਹਾ " ਨਹੀਂ|" ਤੇ ਫੇਰ ਓ ਮੇਰੇ ਕੋਲੋਂ ਇੰਝ ਡਰ ਰਹੀ ਸੀ ਜਿਵੇਂ ਮੈਂ ਕੋਈ ਮਾਸਟਰ ਹੋਵਾਂ ਤੇ ਜੇ ਓਸਨੂੰ ਸਮਝ ਨਾ ਆਈ ਤਾਂ ਓਨੂੰ ਮੁਰਗਾ ਜਾਨ ਮੁਰਗੀ ਬਣਨ ਲਈ ਕਹੂੰਗਾ |

ਓਨੂੰ ਡਰਦੀ ਨੂੰ ਵੇਖ ਮੈਂ ਕਹਿਣ ਲੱਗਾ "ਦੇਖੋ ਦਾਦੀ , ਇਹ ਮੋਬਾਇਲ ਫ਼ੋਨ ਤੋਂ ਕਿਉਂ ਡਰੀ ਜਾਂਦੇ ਹੋ|ਇਹ ਕਿਹੜਾ ਕਰੰਟ ਮਾਰਦਾ|ਤੇ ਮੈਂ ਦਾਦੀ ਨੂੰ ਸਮਝਾਉਣਾ ਸ਼ੁਰੂ ਕੀਤਾ |ਪਰ ਦਾਦੀ ਦਾ ਧਿਆਨ ਹੋਰ ਹੀ ਕਿਤੇ ਸੀ |ਮੈਂ ਕੁਝ ਬੋਲ ਰਿਹਾ ਸਾਂ ਤੇ ਦਾਦੀ ਮੈਨੂੰ ਪੁੱਛਣ ਲੱਗੀ "ਦਸ ਕੋਈ ਕੁੜੀ ਕਾੜੀ ਪਸੰਦ ਆਈ ਓਥੇ|ਮੈਨੂੰ ਦੱਸੀ ਜੇ ਕੋਈ ਗਾਲ ਹੋਊ , ਮੈਂ ਤੇਰੇ ਪਾਪਾ ਨੂੰ ਆਪੇ ਮਨਾ ਲਵਾਂਗੀ"|ਮੈਂ ਵੀ ਦਾਦੀ ਦੀ ਗੱਲ ਵੱਲ ਧਿਆਨ ਨਾ ਦਿੰਦੇ ਕਿਹਾ | "ਦਸੋ ਲਾਲ ਕੇ ਹਰਾ |ਦਾਦੀ ਕਹਿਣ ਲੱਗੀ ਲਾਲ ਬਟਨ ਦਬਾਓ ਤੇ ਚੁੱਕ ਲਓ ਬਸ |"

ਮੈਂ ਕਿਹਾ ਨਹੀਂ ਦਾਦੀ "ਤੁਹਾਨੂੰ ਸਮਝ ਕਿਉਂ ਨਹੀਂ ਆ ਰਹੀ |ਹਰਾ ...ਹਰਾ... ਹਰਾ ...|"

ਮੇਰੀ ਉੱਚੀ ਅਵਾਜ਼ ਸੁਣ ਦਾਦੀ ਚੁਪ ਕਰ ਗਈ |

...ਥੋੜੀ ਦੇਰ ਬਾਅਦ ਦਾਦੀ ਨੇ ਆਪਣੀ ਚੁੱਪੀ ਤੋੜੀ ਤੇ ਕਹਿਣ ਲੱਗੀ "ਤੇਨੂੰ ਯਾਦ ਹੈ ਜਦੋਂ ਤੂੰ ਛੋਟਾ ਸੀ ਤੂੰ ਕੌਲੀ ਨੂੰ ਗਿਲਾਸ ਤੇ ਗਿਲਾਸ ਨੂ ਕੌਲੀ ਕਹਿੰਦਾ ਸੀ |ਮੈਂ ਤੇ ਤੇਰੇ ਦਾਦਾਜੀ ਵੀ ਤੇਨੂੰ ਬਹੁਤ ਸਮਝਾਉਂਦੇ ਸਾਂ , ਸਖਾਉਂਦੇ ਸਾਂ |ਪਰ ਜਦੋਂ ਤੇਨੂੰ ਕਹਿੰਦੇ 'ਜਾ ਕੌਲੀ ਲੈ ਕੇ ਆ ਤੂੰ ਫੇਰ ਗਿਲਾਸ ਹੀ ਚੁੱਕੀ ਲੈ ਕੇ ਆਉਂਦਾ ਸੀ |ਪਰ ਅਸੀਂ ਤੇਰੀ ਇਸ ਨਾਸਮਝੀ ਤੇ ਹੱਸਦੇ ਹੁੰਦੇ ਸੀ ਨਾ ਕਿ ਡਾਂਟਦੇ |ਮੈਨੂੰ ਨਹੀਂ ਸਮਝ ਹਰਾ ਕੇ ਲਾਲ |ਤੋਤਾ ਕੇ ਤੋਤੇ ਦੀ ਚੁੰਝ |ਤੂੰ ਪਹਿਲੇ ਦਿਨ ਤੋਂ ਕਹਿ ਰਿਹਾ ਏ ਤੋਤਾ |ਹਾਂ ਤੋਤਾ ਹਰਾ ਹੁੰਦਾ ਹੈ |ਤੁਹਾਨੂੰ ਓ ਹਰਾ ਦਿਸਦਾ ਹੈ ਪਰ ਮੈਨੂੰ ਤਾਂ ਓਦੀ ਚੁੰਝ ਵੀ ਦਿਸਦੀ ਹੈ -ਲਾਲ |ਇਸ ਕਰਕੇ ਜਦੋ ਤੂੰ ਫ਼ੋਨ ਕਰਦਾ ਹੈ ਤੇ ਘੰਟੀ ਵੱਜਦੀ ਹੈ ਤਾਂ ਮੈਨੂੰ ਇਕ ਦਮ ਸਮਝ ਨਹੀਂ ਆਉਂਦੀ ਹਰਾ ਕੇ ਲਾਲ ਤੇ ਤੂੰ ਡਾਂਟਦਾ ਏ ਮੈਨੂੰ |

ਮੈਂ ਸਮਝ ਗਿਆ ਦਾਦੀ ਜਿੰਦਗੀ ਦੇ ਓਸ ਪੜਾਹ ਤੇ ਸੀ ਜਿੱਥੇ ਬੱਚੇ ਤੇ ਬਜ਼ੁਰਗ 'ਚ ਬਹੁਤਾ ਫ਼ਰਕ ਨਹੀਂ ਹੁੰਦਾ|ਦਾਦੀ ਵੀ ਬੱਚਾ ਹੋ ਗਈ ਸੀ |ਤੇ ਦਾਦੀ ਦਾ ਦਿਮਾਗ ਬੁੱਢਾ |ਸਾਡੇ ਲਈ ਹਰਾ ਜਾਂ ਲਾਲ ਜਿੱਡਾ ਸੌਖਾ ਹੈ| ਓਦੇ ਲਈ ਕੋਈ ਵੀ ਨਵੀਂ ਚੀਜ਼ ਸਿਖਣਾ ਓਨਾ ਹੀ ਔਖਾ |ਤੇ ਫੇਰ ਏਸ ਉਮਰ 'ਚ ਇਸ਼ਾਸ਼ਕਤੀ,ਤੇ ਸਿਖਣ ਸ਼ਕਤੀ ਵੀ ਘੱਟ ਜਾਂਦੀ ਹੈ |

ਜੇ ਓ ਕੁਝ ਚਾਹੁੰਦੀ ਸੀ ਤਾਂ ਬਸ ਮੇਰਾ ਵਕ਼ਤ,ਮੇਰੇ ਨਾਲ ਗੱਲਾਂ ਕਰਨੀਆਂ |ਮੈਨੂੰ ਹੀ ਮੇਰੇ ਬਚਪਨ ਦੀਆਂ ਗੱਲਾਂ ਸੁਣਾ ਸੁਣਾ ਹੱਸਣਾ |ਤੇ ਕਦੀ ਦਾਦਾਜੀ ਨੂੰ ਯਾਦ ਕਰ ਕਰ ਮੇਰੇ ਅੱਗੇ ਦੋ ਚਾਰ ਹੰਝੂ ਬਹਾਉਣਾ |ਬਸ |

ਵੈਸੇ ਬੁਢਾਪਾ ਵੀ ਕੀ ਚੀਜ਼ ਹੈ |ਸਾਰੀ ਉਮਰ ਬੱਚਿਆਂ ਨੂੰ ,ਤੇ ਅੱਗੋ ਉਹਨਾਂ ਦੇ ਵੀ ਬੱਚਿਆਂ ਨੂੰ ਸੇਟ ਕਰਨ ਚ ਲੰਗ ਜਾਂਦੀ ਹੈ ਤੇ ਬਹੁਤੀ ਵਾਰ ਆਪਣਾ ਹਮਸਫ਼ਰ ਪਹਿਲਾਂ ਹੀ ਸਾਥ ਛੱਡ ਜਾਂਦਾ ਹੈ ਤੇ ਬੁੱਡੀਆਂ ਹੋਇਆਂ ਅੱਖਾਂ 'ਚ ਜੇ ਕੁਝ ਰਹਿ ਜਾਂਦਾ ਹੈ ਤਾਂ ਉਡੀਕ|ਉਡੀਕ- ਆਪਣੇ ਬੱਚਿਆਂ ਦੇ ਸਮੇਂ ਦੀ| ਕੇ ਸਮਾਂ ਕੱਡ ਕੇ ਉਹਨਾਂ ਦੇ ਬੱਚੇ ਉਹਨਾ ਕੋਲ ਬੈਠਣ ਤੇ ਬੱਚਿਆਂ ਵਚਾਰਿਆਂ ਕੋਲ ਚਾਹ ਕੇ ਵੀ ਜਿੰਦਗੀ ਦੀ ਦੋੜ-ਭੱਜ ਤੋਂ ਫੁਰਸਤ ਦੇ ਪੱਲ ਕੱਢਣਾਂ ਬਹੁਤ ਔਖਾ ਹੋ ਜਾਂਦਾ ਹੈ |

ਖੈਰ,ਮੈਂ ਦਾਦੀ ਨੂੰ ਕਿਹਾ "ਚਲੋ , ਫ਼ੋਨ ਛੱਡੋ |ਗੱਲਾਂ ਕਰਦੇ ਹਾਂ |"

"ਹਾਂ,ਇਹ ਗੱਲ ਤੂੰ ਚੰਗੀ ਕੀਤੀ | ਦਫ਼ਾ ਕਰ ਆ ਤੋਤਾ ਤੇ ਤੋਤੇ ਦੀ ਚੁੰਝ |"

ਤੇ ਬਾਕੀ ਦੀਆਂ ਛੁਟੀਆਂ ਆਪਾਂ ਰੱਜ ਰੱਜ ਗੱਲਾਂ ਕੀਤੀਆਂ |ਜੋ ਮਜ਼ਾ ਦਾਦੀ ਦੇ ਗੋਡੇ ਸਿਰ ਰੱਖ ਦਾਦੀ ਦਾ ਖਿੜਿਆ ਚਹਿਰਾ ਅੱਖਾਂ ਸਾਹਮਣੇ ਵੇਖ ਆਉਂਦਾ ਹੈ , ਓਹ ਫ਼ੋਨ ਤੇ ਕਿੱਥੇ|

ਹੁਣ ਛੁੱਟੀ ਖ਼ਤਮ ਹੋ ਗਈ ਤੇ ਮੇਰੇ ਜਾਣ ਦਾ ਸਮਾਂ ਆ ਗਿਆ | ਮੈਂ ਜਦ ਤੁਰਨ ਵੇਲੇ ਦਾਦੀ ਦੇ ਗੋਡੇ ਹੱਥ ਲਾਉਣ ਲੱਗਾ ਤਾਂ ਦਾਦੀ ਹੋਲੀ ਜਹੀ ਮੇਰੇ ਕੰਨ ਚ ਹੱਸਦੀ ਤੇ ਸ਼ਰਾਰਤ ਕਰਦੀ ਹੋਈ ਕਹਿਣ ਲੱਗੀ "ਇਕ ਵਾਰੀ ਦਸ ਜਾ -ਤੋਤਾ ਕੇ ਤੋਤੇ ਦੀ ਚੁੰਝ |"

***

## ੩

# ਸੁਹਾਗਣ ਵਿਧਵਾ

...ਅੱਜ ਬੜੇ ਸਾਲਾਂ ਬਾਅਦ ਸਨਦੀਪ ਦੇ ਚਹਿਰੇ 'ਤੇ ਉਦਾਸੀ ਦਾ ਕਾਲਾ ਬੱਦਲ ਮੁੜ ਛਾ ਗਿਆ ਸੀ | ਅੱਜ ਜੱਦ ਓਹ ਆਪਣੇ ਪਿੰਡ ਦੀ ਬਲਜੀਤ ਉਰਫ ਬਿੱਲੋ ਨੂੰ ਮਿਲੀ ਤਾਂ ਬਿੱਲੋ ਦੀਆਂ ਦੱਸੀਆਂ ਗੱਲਾਂ ਨੇ ਸਨਦੀਪ ਦਾ ਸੀਨਾ ਛੱਲੀ ਕਰ ਦਿੱਤਾ ਸੀ | ਓਹ ਪੂਰੀ ਤਰਾਂ ਹਿੱਲ ਗਈ ਸੀ | ਪਰ, ਭਾਵੇਂ ਓਹਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ ਸੀ , ਪਰ ਉਸ ਨੇ ਸੋਚ ਲਿਆ ਸੀ ਕਿ ਜੋ ਗੱਲ ਓਹਨੇ ਸਾਲਾਂ ਤੋਂ ਆਪਣੇ ਸੀਨੇ ਅੰਦਰ ਦਫ਼ਨ ਕਰ ਕੇ ਰੱਖੀ ਸੀ ,ਓਹ ਅੱਜ ਆਸ਼ਰਮ ਦੀਆਂ ਕੰਧਾ ਤੋਂ  ਨਾ ਡਰਦੀ ਹੋਈ , ਬਿੱਲੋ ਨੂੰ ਜਰੂਰ ਦੱਸੇਗੀ ਤੇ ਬਿਨਾਂ  ਕਿਸੇ ਤੋਂ ਡਰੇ ਦੱਸੇਗੀ | ਪਰ,ਆਪਣੀ ਆਪਬੀਤੀ ਸੁਣਾਉਣਾ ਉਸ ਲਈ ਕੋਈ ਸੌਖਾ ਨਹੀਂ ਸੀ |ਆਪਣੀ ਗੁਜਰੀ ਦੁਖਦਾਈ ਜਿੰਦਗੀ ਦੇ ਵਰਕੇ ਫਰੋਲਣਾ ਮੁੜ ਓਹ ਚੀਸਾਂ ਭਰੀ ਜਿੰਦਗੀ ਜਿਉਣ ਬਰਾਬਰ ਹੀ ਜਾਪਦਾ ਸੀ | ਪਰ ਸਨਦੀਪ ਨੇ ਇਕ ਕੌੜਾ ਘੁੱਟ ਭਰਿਆ ਤੇ ... ਤੇ ਓਹ ਬਿੱਲੋ ਨੂੰ ਆਪਣੇ ਕਮਰੇ 'ਚ ਲੈ ਗਈ ਤੇ ਆਪਣੀ ਪੁਰਾਣੀ ਗਠੜੀ 'ਚੋਂ ਪੁਰਾਣੀ ਮੈਲੀ ਚੁੰਨੀ ਦੇ ਪੱਲੇ ਬੰਨੀ ਓਹ ਚਿੱਠੀ ਕੱਢ ਕੇ ਬਿੱਲੋ ਦੇ ਹੱਥ ਫੜਾ ਦਿੱਤੀ | ਤੇ ਬਿੱਲੋ ਦੇ ਚਿੱਠੀ ਦੀਆਂ ਪਰਤਾਂ ਖੋਲਦੇ ਸਾਰ ਹੀ ਸਨਦੀਪ ਵੀ ਸ਼ੁਰੂ ਹੋ ਗਈ |

"ਜਿਸ ਦਿਨ ਮੈਂ ਏਥੇ ਪਹੁੰਚੀ ,ਮੈਨੂੰ ਇੰਝ ਜਾਪਿਆ ਜਿਵੇਂ ਮੈਂ ਕੋਈ ਵਿਧਵਾ-ਆਸ਼ਰਮ 'ਚ ਨਹੀਂ ਕਿਸੇ ਸਵਰਗ ਲੋਕ 'ਚ,ਕਿਸੇ ਪਰੀ ਲੋਕ 'ਚ ਆ ਗਈ ਹੋਵਾਂ | ਹਰ ਪਾਸੇ  ਸੁਕੂਨ ਭਰੀ ਸ਼ਾਂਤੀ ਤੇ ਚਿੱਟੇ ਕਪੜਿਆ 'ਚ ਇਧਰ ਓਧਰ ਤੁਰਦੀਆਂ ਫਿਰਦੀਆਂ ਪਰੀਆਂ- ਇਹ ਔਰਤਾਂ | ਇਹ ਆਸ਼ਰਮ ਸਵਰਗਾਂ ਵਰਗਾ ਹੀ ਤਾਂ ਹੈ | ਜਾਂ ਸ਼ਾਇਦ ਜਿਸਨੇ ਮੇਰੇ ਵਰਗਾ ਨਰਕ ਹੰਡਾਇਆ ਹੋਵੇ ਉਸਨੂੰ  ਹੋਰ ਹਰ ਜਗਾ ਹੀ ਸਵਰਗ ਜਾਪਦੀ ਹੋਵੇ | ਪਰ ਤੂੰ  ਦੇਖ ਬਿੱਲੋ ,ਇਹ ਖੁੱਲਾ ਕੱਚਾ ਮੈਦਾਨ ,ਵਿਚਕਾਰ ਇਕ ਵੱਡਾ ਬੁੱਡਾ ਹੱਸਦਾ ਛਾਇਆਦਾਰ ਪਿੱਪਲ | ਇਕ ਪਾਸੇ ਰੰਗ ਬਿਰੰਗੇ ਫੁੱਲਾਂ ਦਾ ਬਗੀਚਾ | ਸਿਰ ਉਪਰ ਖੁੱਲਾ  ਨੀਲਾ ਅਸਮਾਨ ਤੇ ਪੈਰਾਂ ਹੇਠਾਂ ਪੋਲੀ ਪੋਲੀ ਤੇ  ਨਿੱਘੀ-ਨਿੱਘੀ ਖ਼ੁਸ਼ਨੁਮਾ ਮਿੱਟੀ | ਏਥੋਂ ਦੀ ਹਵਾ 'ਚ ਤਾਂ ਖੁੱਲ ਕੇ ਸਾਹ ਲੈਣ ਨੂੰ ਤੇ ਬਾਹਵਾਂ ਖੋਲ ਖੁੱਲ ਕੇ ਤੇ ਰੱਜ ਕੇ ਜੀਣ ਨੂੰ ਜੀ ਕਰੇ |"

ਤੇ ਓਹ ਫਿਰ ਮਿੰਟ ਕੁ ਲਈ ਚੁਪ ਹੋਈ ਤੇ ਇਕ ਲੰਬਾ ਸਾਹ ਭਰ ਫੇਰ ਸ਼ੁਰੂ ਹੋ ਗਈ –

"ਜਿਸ ਦਿਨ ਮੈਂ ਏਥੇ ਪਹਿਲੀ ਵਾਰ ਅੰਦਰ ਪੈਰ ਪਾਇਆ ਸੀ |ਮੈਂ ਬਹੁਤ ਡਰੀ ਤੇ ਸਹਿਮੀ ਹੋਈ ਸੀ | ਡਰ ਸੀ ਕੇ ਕਿਤੇ ਮੈਨੂੰ ਕੋਈ ਪਿਛੋਂ ਹੀ ਨਾ ਖਿਚ ਲਏ | ਮੈਂ ਏਸੇ ਲਈ ਬਿਨਾਂ ਪਛਾਂ ਝਾਤੀ ਮਾਰ ਏਸ ਆਸ਼ਰਮ ਦੇ ਬੂਹੇ ਓਹਲੇ ਲੁੱਕ ਗਈ | ਮੈਨੂੰ ਇੰਝ ਅੰਦਰ ਵੜੀ ਵੇਖ ਇਕ ਚਿੱਟੇ ਸੂਟ ਵਾਲੀ ਭੈਣ ਮੇਰੇ ਕੋਲ ਆਈ ਤੇ ਬਾਂਹ ਨਾਲ ਇਸ਼ਾਰਾ ਕਰ ਕਹਿਣ ਲੱਗੀ " ਦਫ਼ਤਰ ਸਿੱਦਾ ਜਾ ਕੇ ਖੱਬੇ ਪਾਸੇ | " ਮੈਂ ਆਪਣੀ ਗਠੜੀ ਨੂੰ ਸੀਨੇ ਨਾਲ ਘੁੱਟ ਕੇ ਓਦੇ ਦਿੱਤੇ ਇਸ਼ਾਰੇ ਵੱਲ ਤੁਰ ਪਈ ਤੇ ਜੱਦ ਮੈਂ ਦਫਤਰ ਦਾ ਦਰਵਾਜ਼ਾ ਖੜਕਾਇਆ ,ਅੰਦਰੋਂ ਇਕ ਭਾਰੀ ਅਵਾਜ਼ ਆਈ –
"ਆਜੋ,ਲੰਗ ਆਓ |"

ਇਕ ਬਹੁਤ ਹੀ ਵਿਅਸਤ ਅਧੇੜ ਉਮਰ ਦੀ ਔਰਤ ਨੇ ਇਕ ਨਜ਼ਰ ਮੈਨੂੰ ਵੇਖਿਆ ਤੇ ਪੁਛਣ ਲੱਗੀ "ਚਿੱਠੀ ਲਿਆਏ ਓ**?"**

ਤੇ ਮੈਂ ਦੱਬੀ ਅਵਾਜ਼ 'ਚ ਕਿਹਾ –"ਹਾਂ ਜੀ |"

"ਲਿਆਓ ਦਿਖਾਓ |"

ਮੈਂ ਚੁੰਨੀ ਦੇ ਪੱਲੇ ਨਾਲੋਂ ਖੋਲਕੇ ਉਹ ਚਿੱਠੀ ,ਓਸ ਮੈਡਮ ਨੂੰ ਫੜਾ ਦਿੱਤੀ |ਓਸਨੇ ਓਹ ਪਰਚੀ ਜਹੀ ਖੋਲੀ ਤੇ ਨਜ਼ਰ ਮਾਰ ਬੰਦ ਕਰ ਦਿੱਤੀ | ਤੇ ਬਿਨਾ ਮੇਰੇ ਵੱਲ ਵੇਖੇ ਹੀ ਕਿਹਾ –ਸਨਦੀਪ **?**

ਮੈਂ ਕਿਹਾ –"ਜੀ ਹਾਂਜੀ"

ਬਸ ਓਹਨੇ ਹੋਰ ਕੁਝ ਨਾ ਪੁਛਿਆ ਤੇ ਮੇਰਾ ਨਾਮ ਆਪਣੇ ਰਜਿਸਟਰ ਤੇ ਚਾੜ ਲਿਆ ਤੇ ਮੈਨੂੰ ਓਹ ਚਿੱਠੀ ਮੁੜ ਵਾਪਸ ਕਰ ਦਿੱਤੀ | ਮੈਂ ਵੀ ਓਸੇ ਤਰਾਂ ਚਿੱਠੀ ਫੇਰ ਚੁੰਨੀ ਦੇ ਪੱਲੇ ਨਾਲ ਬਣ ਲਈ |

ਫੇਰ ਓਹ ਮੈਡਮ ਨੇ ਆਪਣੇ ਵੱਡੇ ਸਾਰੇ ਮੇਜ਼ ਦੇ ਕੋਨੇ ਤੇ ਪਈ ਇਕ ਘੰਟੀ ਜਹੀ ਵਜਾਈ ਤੇ ਓਹਦੀ ਘੰਟੀ ਦੀ ਆਵਾਜ਼ ਸੁਣ ਕੇ ਬਾਹਰ ਬੈਠੀ ਇਕ ਹੋਰ ਚਿੱਟੇ ਕਪੜਿਆ ਵਾਲੀ ਔਰਤ ਝੱਟ ਅੰਦਰ ਆ ਗਈ | ਮੈਡਮ ਮੈਨੂੰ ਇਸ਼ਾਰਾ ਕਰਕੇ ਕਹਿਣ ਲੱਗੀ "ਤੁਸੀਂ ਇਹਨਾ ਨਾਲ ਚਲੇ ਜਾਓ | ਇਹ ਤੁਹਾਨੂੰ ਸਭ ਸਮਝਾ ਦੇਣਗੇ |"

ਤੇ ਮੈਂ ਓਸ ਔਰਤ ਦੇ ਮਗਰ ਮਗਰ ਤੁਰ ਪਈ | ਓਹ ਮੈਨੂੰ ਬਰਾਂਡੇ ਵਿਚੋਂ ਹੁੰਦਿਆ ਹੋਇਆਂ ਕਮਰਿਆਂ ਵੱਲ ਲੈ ਗਈ | ਤੇ ਨਾਲ ਹੀ ਓਹ ਕੁਝ ਕਹਿ ਰਹੀ ਸੀ , ਸ਼ਾਇਦ ਮੇਰਾ ਦੁਖ ਵੰਡਾ ਰਹੀ ਸੀ | ਓਹ ਬਹੁਤ ਕੁਝ ਬੋਲ ਰਹੀ ਸੀ ਪਰ ਮੈਨੂੰ ਓਹਦੀ ਇਕ ਵੀ ਗੱਲ ਨਹੀਂ ਸੁਣੀ | ਮੇਰਾ ਧਿਆਨ ਤਾਂ ਬਰਾਂਡੇ ਦੀਆਂ ਕੰਧਾਂ ਵੱਲ ਸੀ | ਫੇਰ ਉਹ ਇਕ ਕਮਰੇ ਦੇ ਦਰਵਾਜ਼ੇ ਅੱਗੇ ਜਾ ਰੁੱਕ ਗਈ ਤੇ ਇਸ਼ਾਰਾ ਕਰਕੇ ਕਹਿਣ ਲੱਗੀ –" ਇਹ ਹੈ ਤੁਹਾਡਾ ਕਮਰਾ **:**ਕਮਰਾ ਨੰਬਰ **-੧੮|**" ਨਾਲ ਹੀ ਉਸਨੇ ਮੈਨੂੰ ਆਸ਼ਰਮ ਦੇ ਸਭ ਕਾਈਦੇ ਕਾਨੂੰਨ ਚੰਗੀ ਤਰਾਂ ਸਮਝਾ ਦਿੱਤੇ | ਤੇ ਅਗਲੇ ਦੋ ਦਿਨਾਂ 'ਚ ਹੀ ਮੇਰੀਆਂ ਕਈ ਡੀਊਟੀਆਂ ਵੀ ਲੱਗ ਗਈਆਂ ਤੇ ਕਈਆਂ ਨਾਲ ਜਾਣ ਪਹਿਚਾਣ ਵੀ ਹੋ ਗਈ | ਤੇ ਮੈਨੂੰ ਇਹ ਜਗਾ ਆਪਣੇ ਘਰ ,ਆਪਣੇ ਪੇਕੇ ਘਰ ਵਰਗੀ ਲੱਗਣ ਲੱਗ ਗਈ | ਕੋਈ ਉੱਚੀ ਆਵਾਜ਼ ਨਹੀਂ ,ਕੋਈ ਲੜਾਈ ਦਾ ਸ਼ੋਰ ਨਹੀਂ | ਏਥੇ ਮਨ ਨੂੰ ਸ਼ਾਂਤ ਕਰਨ ਵਾਲੀ ਤੇ ਰੂਹ ਨੂੰ ਸੁਕੂਨ ਦੇਣ ਵਾਲੀ ਇਕ ਸ਼ਾਂਤੀ ਸੀ |

ਪਹਿਲੇ ਥੋੜੇ ਜਹੇ ਦਿਨ ਤਾ ਮੈਂ ਬਹੁਤ ਡਰੀ ਤੇ ਸਹਿਮੀ ਰਹਿੰਦੀ | ਇਕ ਡਰ ਸੀ ਤੇ ਇਕ ਉਡੀਕ | ਬਹੁਤ ਡਰ ਲਗਦਾ ਸੀ ਕੇ ਕਿਤੇ ਮੇਰਾ ਘਰਵਾਲਾ ਮੈਨੂੰ ਲਭਦਾ ਲਭਦਾ ਏਥੇ ਨਾ ਆ ਜਾਏ |ਤੇ ਉਡੀਕ ਮਨਦੀਪ ਭੈਣਜੀ ਦੀ | ਮਨਦੀਪ ਉਰਫ ਮੰਨੋ - ਮੇਰੀ ਨਨਾਣ |

Academy of the Punjab in North America: http://www.apnaorg.com

ਥੋੜੇ ਦਿਨਾਂ 'ਚ ਹੀ ਮੇਰਾ ਡਰ ਲੱਥ ਗਿਆ | ਮੈਨੂੰ ਸਮਝ ਆ ਗਈ ਕੇ ਹੁਣ ਨਹੀਂ ਆਉਣ ਵਾਲਾ ਓਹ | ਜੇ ਆਉਣਾ ਹੁੰਦਾ ਤਾਂ ਉਸੇ ਦਿਨ ਆ ਜਾਂਦਾ | ਮੰਨੋ ਦੀ ਵੀ ਉਡੀਕ ਵਖਤ ਨਾਲ ਖਤਮ ਹੋ ਗਈ | ਮੰਨੋ ਨੇ ਤਾਂ ਕਿਹਾ ਵੀ ਸੀ ਜੇ ਉਹ ਦੋ ਤਿੰਨ ਦਿਨਾਂ 'ਚ ਨਾ ਆਈ ਤਾਂ ਮੈਂ ਸਮਝ ਜਾਵਾਂ ਕਿ ਓਸ ਦੇ ਸਹੁਰੇ ਘਰਦਿਆਂ ਉਸਨੂੰ ਰੱਖ ਲਿਆ ਹੈ | ਪਰ ਫੇਰ ਵੀ ਪਤਾ ਨਹੀਂ ਕਿਉਂ ਮੈਨੂੰ ਮੰਨੋ ਭੈਣਜੀ ਦੀ ਉਡੀਕ ਸੀ |

ਪਰ ਹੁਣ ਮੈਂ ਰੱਬ ਦਾ ਸ਼ੁਕਰ ਕੀਤਾ ਤੇ ਭੈਣਜੀ ਦਾ ਵੀ | ਰੱਬ ਦਾ ਏਸ ਕਰਕੇ ਕਿ ਮਹਾਰਾਜ ਦੀ ਕ੍ਰਿਪਾ ਸਦਕਾ ਮੰਨੋ ਭੈਣਜੀ ਸਹੁਰੇ ਘਰ ਵੱਸ ਗਈ | ਤੇ ਭੈਣਜੀ ਦਾ ਇਸ ਕਰਕੇ ਕੇ ਓਹਨਾਂ ਕਰਕੇ ਮੈਨੂੰ ਏਥੇ ਇਹ ਨਵੀਂ ਜਿੰਦਗੀ ਮਿਲੀ |

ਹੁਣ ਮੈਂ ਏਥੇ ਖੁਲ ਕੇ ਰਹਿਣ ਲੱਗ ਗਈ ਸਾਂ ਬਿੰਨਾਂ ਕਿਸੇ ਡਰ ਖੌਫ਼ ਤੋਂ | ਪਰ ਪਤਾ ਨਹੀਂ ਫੇਰ ਵੀ ਕਿਉਂ ਕਈ ਵਾਰ ਰਾਤੀ ਤ੍ਰਬਕ ਕੇ ਉਠ ਜਾਂਦੀ ਸਾਂ |

........................................................................................................

...ਤੇ ਫੇਰ ਸਨਦੀਪ ਨੇ ਬਿੱਲੋ ਨੂੰ ਆਪਣੀ ਕਹਾਣੀ ਸ਼ੁਰੂ ਤੋਂ ਸੁਨਾਓਣੀ ਸ਼ੁਰੂ ਕੀਤੀ |

ਜਿਸ ਦਿਨ ਮੇਰੇ ਲਈ ਲਾਗਲੇ ਪਿੰਡ ਦੇ ਜਿਮੀਂਦਾਰ ਦੇ ਕੱਲੇ ਕੱਲੇ ਮੁੰਡੇ ਦਾ ਰਿਸ਼ਤਾ ਆਇਆ ਸੀ , ਮੇਰੇ ਬੀਜੀ ਭਾਪਾਜੀ ਬੜੇ ਹੀ ਖੁਸ਼ ਹੋਏ ਸਨ , ਤੇ ਮੈਂ ਵੀ | ਕੱਲਮ ਕੱਲਾ ਮੁੰਡਾ ,੨੫ ਕਿੱਲੇ ਜਮੀਨ, ਕੁਝ ਖਾਂਦਾ ਪੀਂਦਾ ਨਹੀਂ ,ਨਾ ਕੋਈ ਭੈੜੀ ਲੱਤ ,ਛੋਟਾ ਜਿਹਾ ਪਰਿਵਾਰ ,ਇਕ ਵੱਡੀ ਭੈਣ- ਓਹ ਵੀ ਵਿਆਹੀ | ਤੇ ਸਭ ਤੋਂ ਵੱਡੀ ਗੱਲ ਉਹਨਾਂ ਦੀ ਕੋਈ ਮੰਗ ਨਹੀਂ | ਭਾਈ ਉਹਨਾਂ ਨੂੰ ਕਿਸ ਚੀਜ਼ ਦੀ ਕਮੀ | ਮੇਰੇ ਬੀਜੀ ਭਾਪਾਜੀ ਕੋਲ ਇਕ ਵੀ ਵਜ੍ਹਾ ਨਹੀਂ ਸੀ ਇਸ ਰਿਸ਼ਤੇ ਨੂੰ ਨਾਂ ਕਹਿਣ ਦੀ | ਇਵੇਂ ਗੱਲ ਸੀ ਭੀ ਜਿਵੇਂ ਰਿਸ਼ਤਾ ਆਪ ਚੱਲ ਕੇ ਆਇਆ ਹੋਵੇ ਤੇ ਕੋਈ ਬੇਵਕੂਫ਼ ਹੀ ਹੋਊ ਜੋ ਏਹੋ ਜਹੇ ਚੰਗੇ ਰਿਸ਼ਤੇ ਨੂੰ ਦੋ ਵਾਰੀ ਵੀ ਸੋਚੂ | ਬਸ ਫੇਰ ਕੀ ਸੀ ਭਾਪਾਜੀ ਨੇ ਅਗਲੀ ਸਵੇਰ ਹੀ ਵਚੋਲੇ ਨੂੰ ਬੁਲਾ ਹਾਂ ਕਰ ਦਿੱਤੀ | 'ਤੇ ਓਦਰੋਂ ਓਹਨਾਂ ਮਹੀਨੇ 'ਚ ਹੀ ਵਿਆਹ ਮੰਗ ਲਿਆ |

...ਬਸ ਇਕ ਮਹੀਨਾ |ਵੈਸੇ ਤਾਂ ਮੈਨੂੰ ਵਿਆਹ ਕਰਾਉਣ ਦੀ ਬਹੁਤ ਹੀ ਖੁਸ਼ੀ ਤੇ ਚਾਹ ਸੀ |ਪਰ ਇਕ ਮਹੀਨਾ ...ਬਹੁਤ ਛੇਤੀ ਲੱਗ ਰਿਹਾ ਸੀ |

ਮੇਰੇ ਭਾਪਾਜੀ ਨੂੰ ਵੀ ਫਿਕਰ ਪੈ ਗਿਆ | ਭਾਪਾਜੀ ਨੇ ਫੇਰ ਵਚੋਲੇ ਨੂੰ ਬੁਲਾਇਆ ਤੇ ਉਸਨੂੰ ਕਿਹਾ ਕਿ ਮਹੀਨੇ 'ਚ ਸਾਡੇ ਗਰੀਬਾਂ ਕੋਲੋਂ ਤਿਆਰੀ ਨਹੀਂ ਹੋਣੀ | ਵਚੋਲਾ ਬਹੁਤ ਤੇਜ਼ ਸੀ | ਓਹ ਅੱਗੋਂ ਕਹਿਣ ਲੱਗਾ " ਲਓ ਜੀ ਇਹਦੇ 'ਚ ਤਿਆਰੀ ਵਾਲੀ ਕਿਹੜੀ ਵੱਡੀ ਗੱਲ ਹੈ |ਅੱਜ ਨਹੀਂ ਤਾਂ ਕੱਲ ਵਿਆਹ ਤਾਂ ਕਰਨਾ ਹੀ ਹੈ ਨਾ ਆਪਾਂ | ਨਾਲੇ ਓਹ ਭਲੇ ਬੰਦਿਆ ਦੀ ਕਿਹੜਾ ਕੋਈ ਮੰਗ ਹੈ | ਨਾ ਤੁਹਾਨੂੰ ਦਾਜ ਬਣਾਉਣ ਦੀ ਲੋੜ ,ਨਾ ਕੋਈ ਖਾਸੀ ਤਿਆਰੀ ਦੀ | ਬਰਾਤ ਉਂਗਲੀਆਂ ਤੇ ਗਿਣ ਲਓ, ਬਸ ਘਰ ਦੇ ਜੀ ਹੀ ਆਉਣੇ ਨੇ | ਤੁਸੀਂ ਫਿਕਰ ਨਾ ਕਰੋ |"

ਸੋ, ਮਹੀਨੇ ਬਾਅਦ ਦੀ ਮੇਰੇ ਵਿਆਹ ਦੀ ਤਾਰੀਖ਼ ਮਿੱਥ ਲਈ ਗਈ |

ਮਹੀਨਾ ਤਾਂ ਝਟਪਟ ਹੀ ਲੰਗ ਗਿਆ | ਤੇ ਵਿਆਹ ਵਾਲਾ ਦਿਨ ਆ ਗਿਆ |

ਮੈਨੂੰ ਅੱਜ ਵੀ ਯਾਦ ਹੈ ਵਿਆਹ ਵਾਲੇ ਦਿਨ ਮੈਨੂੰ ਲਾਲ ਜੋੜੇ 'ਚ ਤਿਆਰ ਹੋਈ ਨੂੰ ਵੇਖਕੇ ਬੀਜੀ ਦਾ ਦਿਲ ਭਰ ਆਇਆ | ਅੱਖਾਂ 'ਚੋਂ ਖੁਸ਼ੀ ਦੇ ਹੰਝੂ ਰੁਕਦੇ ਰੁਕਦੇ ਵੀ ਡਿੱਗੀ ਗਏ | ਏਹਨੀ ਛੇਤੀ ਸਭ ਹੋ ਜਾਏਗਾ ,ਓਹਨਾਂ ਵੀ ਨਹੀਂ ਸੀ ਸੋਚਿਆ | ਫੇਰ ਆਪਣੇ ਦਿਲ ਨੂੰ ਤੇ ਮੈਨੂੰ ਸਮਝਾਉਂਦੇ ਹੋਏ ਨਮ ਅੱਖਾਂ ਨਾਲ ਕਹਿਣ ਲੱਗੇ – 'ਧੀਆਂ ਤਾਂ ਬੇਗਾਨਾ ਧਨ ਹੁੰਦੀਆਂ | ਅਸੀਂ ਤਾਂ ਪਿਛਲੇ ਜਨਮ 'ਚ ਕੋਈ ਮੋਤੀ ਪੁੰਨ ਕੀਤੇ ਹੁਣੇ ਜਿਹੜਾ ਸਾਡੀ ਧੀ ਏਡੇ ਵੱਡੇ ਘਰ ਚੱਲੀ ਹੈ | ਨਜ਼ਰ ਨਾ ਲੱਗੇ ਮੇਰੀ ਧੀ ਰਾਣੀ ਨੂੰ, ਅੱਜ ਤਾਂ ਡਾਢਾ ਰੂਪ ਚੜਿਆ ਹੈ |'

ਮੈਂ ਆਪਣੇ ਗੋਟੇ ਵਾਲੀ ਚੁੰਨੀ ਨੂੰ ਸਵਾਰਿਆਂ ਕਰਦਿਆਂ ਕਿਹਾ " ਬੀਜੀ ਆਹ ਗੋਟਾ ਜਿਹਾ ਚੁੱਬੀ ਜਾਂਦਾ ਮੈਨੂੰ | ਤੇ ਆ ਕਲੀਰੇ ਵੇਖੋ ਕਦੀ ਚੁੰਨੀ 'ਚ ਫਸਦੇ ਨੇ ,ਕਦੀ ਚੂੜੇ 'ਚ | ਮੈਂ ਨਹੀਂ ਪਾਉਣੇ ਆਹ ਸਭ |"ਤੇ ਬੀਜੀ ਨੇ ਗੁੱਸੇ ਭਾਰੀ ਅਵਾਜ਼ 'ਚ ਕਿਹਾ ' ਮਰ ਜਾਣੀਏ ,ਏਦਾਂ ਨਹੀਂ ਕਹੀਦਾ,ਇਹ ਸਭ ਤਾਂ ਸੁਹਾਗ ਦੀਆਂ ਨਿਸ਼ਾਨੀਆਂ ਹੁੰਦੀਆਂ ਨੇ – ਸੁੱਖੀ ਸਾਂਦੀ |" ਤੇ ਓਹਨਾਂ ਨੇ ਮੇਰੇ ਚੂੜੇ 'ਫਸੇ ਕਲੀਰੇ ਕੱਢੇ, ਮੇਰੀ ਚੁੰਨੀ ਸਵਾਰੀ ਕੀਤੀ ...| ਫੇਰ ਬਾਹਰੋਂ ਕੁਝ ਜਨਾਨੀਆਂ ਦੀ ਆਵਾਜ਼ ਆਈ 'ਲੈ ਆਓ ਕੁੜੀ ਨੂੰ ਬਾਹਰ ਲਾਵਾਂ ਲਈ |"

ਮੈਂ ਤਾਂ ਕਲੀਰਿਆਂ, ਚੁੰਨੀ , ਚੂੜੇ 'ਚ ਫਸੀ ਹੋਈ ਨੇ ਕਦ ਚਾਰ ਲਾਵਾਂ ਲੈ ਲਈਆਂ –ਪਤਾ ਹੀ ਨਹੀਂ ਲੱਗਿਆ | ਤੇ ਮੈਂ ਪਰਾਈ ਹੋ ਗਈ |

.............................................................................

ਜਦੋਂ ਮੈਂ ਸਹੁਰੇ ਘਰ ਪਹੁੰਚੀ ਤਾਂ ਮੇਰੀ ਨਨਾਣ ਨੇ ਮੇਰਾ ਕੁੰਡ ਥੋੜਾ ਹੋਰ ਹੇਠਾਂ ਕਰ ਦਿੱਤਾ | ਪਾਣੀ ਵਾਰਨ ਦੀ ਰਸਮ ਤੋਂ ਬਾਅਦ ਵਿਹੜੇ 'ਚ ਡੱਠੀ ਵਿਸ਼ੀ ਮੰਜੀ ਤੇ ਸਜਾ ਕੇ ਬੈਠਾ ਦਿੱਤਾ | ਮੈਂ ਕੁੰਡ 'ਚ ਥੋੜੀ ਡਰੀ ,ਥੋੜੀ ਸਹਿਮੀ ,ਥੋੜੀ ਘਬਰਾਈ ,ਥੋੜੀ ਖੁਸ਼ ਤੇ ਥੋੜੀ ਸ਼ਰਮਾਈ ਬੈਠੀ ਸਾਂ | ਭਾਵੇਂ ਕੁਝ ਨਹੀਂ ਸੀ ਦਿਸਦਾ ਪਿਆ ਮੈਨੂੰ ਪਰ ਆਂਡਨਾ ਗੁਆਂਡਨਾ ਦੀ ਖੁਸਰ-ਪੁਸਰ ਤੇ ਬੱਚਿਆਂ ਦੇ ਰੌਲੇ –ਰੱਪੇ ਤੋਂ ਪਤਾ ਲੱਗ ਰਿਹਾ ਸੀ ਕਿ ਵਿਹੜਾ ਰਿਸ਼ਤੇਦਾਰਾਂ ਨਾਲ ਭਰਿਆ ਹੈ |

ਥੋੜੀ ਦੇਰ ਬਾਅਦ ਹੀ ਇਹ ਸਭ ਅਵਾਜ਼ਾਂ ਘੱਟ ਹੁੰਦੀਆਂ ਗਈਆਂ | ਜਿਵੇਂ ਅੱਗੇ ਨਾਲੋਂ ਚਹਿਲ ਪਹਿਲ ਘੱਟ ਗਈ ਹੋਵੇ | ਲੋਕੀ ਆਪਣੋ ਆਪਣੇ ਘਰੇ ਤੁਰ ਗਏ ਲਗਦੇ ਸਨ | ਆਵਾਜ਼ਾਂ ਸਮੇਂ ਨਾਲ ਘੱਟਦੀਆਂ ਗਈਆਂ ਤੇ ਚਾਨਣ ਦੀ ਜਗਾ ਵੀ ਹਨੇਰੇ ਨੇ ਲੈ ਲਈ | ਤੇ ਮੈਂ ਉਂਝ ਦੀ ਉਂਝ ਹੀ ਬੈਠੀ ਰਹੀ | ਤੇ ਫੇਰ ਮੇਰੀ ਨਨਾਣ ਨੇ ਮੈਨੂੰ ਉਠਾਇਆ ਤੇ ਮੈਨੂੰ ਅੰਦਰ ਲੈ ਗਈ |

ਅਗਲੇ ਦਿਨ ਦੀ ਦੁਪਿਹਰ ਤੱਕ ਇਕ ਦੋ ਨਜ਼ਦੀਕੀ ਰਿਸ਼ਤੇਦਾਰ ਤੇ ਮੇਰੀ ਨਨਾਣ ਨੂੰ ਛੱਡ ਬਾਕੀ ਸਭ ਮਹਿਮਾਨ ਵਿਆਹ ਵੇਖ ਤੁਰ ਗਏ | ਤੇ ਅਗਲੇ ਦਿਨ ਦੀਆਂ ਸ਼ਾਮਾਂ ਪੈਂਦਿਆਂ ਓਹ ਵੀ ਤੁਰ ਗਏ ਤੇ ਹੁਣ ਸਿਰਫ ਮੇਰੀ ਨਨਾਣ ਰਹਿ ਗਈ |

ਦੋ ਦਿਨ ਤਾਂ ਮੈਂ ਨਵੀਂ ਵਿਆਹੀ ਵਹੁਟੀ ਸਾਂ | ਪਰ ਜਿਸ ਦਿਨ ਸਭ ਰਿਸ਼ਤੇਦਾਰ ਚਲੇ ਗਏ ,ਉਸ ਦਿਨ ਤੋਂ ਅਗਲੀ ਸਵੇਰ ਜਦ ਮੇਰੀ ਅੱਖ ਖੁੱਲੀ ਤਾਂ ਕੰਨਾਂ 'ਚ ਜੋ ਪਹਿਲੀ ਆਵਾਜ਼ ਪਈ ਓਹ ਸੀ "ਕੀੜੇ ਪੈਣ ਵਚੋਲੇ ਨੂੰ ,ਹੋਰ ਕੁਝ ਨਹੀਂ ਤਾਂ ਇਹਦੇ ਘਰਦੇ ਸਾਨੂੰ ਨਹੀਂ ਤਾਂ ਇਹਨੂੰ ,ਇਹ ਆਪਣੀ ਧੀ ਨੂੰ ,ਚਾਰ ਚੰਗੀਆਂ ਟੂੰਬਾਂ ਪਾ ਦਿੰਦੇ | ਨੱਕ ਵਡਾ ਕੇ ਰੱਖ ਦਿੱਤਾ ,ਪੂਰੀ ਬਰਾਦਰੀ 'ਚ |"

ਤੇ ਇਸੇ ਆਵਾਜ਼ ਦੇ ਨਾਲ ਇਕ ਹੋਰ ਦੱਬੀ ਆਵਾਜ਼ ਮੇਰੇ ਕੰਨੀ ਪਈ ,ਤੇ ਓਹ ਸੀ ਮੇਰੇ ਸਹੁਰੇ ਦੀ | ਉਹ ਮੇਰੀ ਸੱਸ ਨੂੰ ਕਹਿ ਰਿਹਾ ਸੀ –"ਹੌਲੀ ਬੋਲ ,ਨਵੀਂ ਵਹੁਟੀ ਸੁਣ ਲਏਗੀ |"

ਮੇਰੀ ਸੱਸ –"ਕੀ ਮਤਲਬ ਸੁਣ ਲਉ, ਸੁਣਦੀ ਤਾਂ ਸੁਣੇ ਮੇਰੀ ਬਲਾ ਨੂੰ | ਮੈਂ ਕਿਹੜਾ ਕਿਸੇ ਤੋਂ ਲੁਕੋ ਇਹ ਗੱਲ ਕਰ ਰਹੀ ਹਾਂ | ਹੁਣ ਤੁਸੀ ਹੀ ਦੱਸੋ ,ਇੰਝ ਦਾ ਵੀ ਕੋਈ ਵਿਆਹ ਹੁੰਦਾ | ਸਾਰੀ ਬਰਾਦਰੀ ਗੱਲਾਂ ਪਈ ਕਰਦੀ ਹੈ |"

ਤੇ ਮੇਰੀ ਸੱਸ ਜਿਵੇਂ ਰੋਣ ਪਿੱਟਣ ਲੱਗ ਗਈ | "ਹਾਏ ਮੇਰਾ ਪੁੱਤ ,ਕਿਸੇ ਜੋਗਾ ਨਾ ਰਿਹਾ |ਏਡੇ ਵੱਡੇ ਵੱਡੇ ਘਰਾਂ ਦੇ ਰਿਸ਼ਤੇ ਪਏ ਆਉਂਦੇ ਸੀ | ਸਾਡੀ ਤਾਂ ਮੱਤ ਮਾਰੀ ਗਈ ਸੀ ਜੋ ਵਚੋਲੇ ਦੀਆਂ ਗੱਲਾਂ 'ਚ ਆ ਗਏ | ਹਾਏ ਰੱਬਾ ਹੁਣ ਕੀ ਹੋਉ | ਸਾਨੂੰ ਇਹ ਕਿਹੜੇ ਪਾਪਾਂ ਦੀ ਸਜ਼ਾ ਮਿਲੀ ਜੋ ਏਹੋ ਜਹੇ ਭੁੱਖੇ –ਨੰਗਿਆ ਨੂੰ ਸਾਡੇ ਸਾਕ ਸੰਬੰਦੀ ਬਣਾ ਦਿੱਤਾ | ਹਾਏ ਓਹ ਰੱਬਾ ਕੋਈ ਸ਼ਰੀਕ ਈ ਭਾਣੀ ਮਾਰ ਦਿੰਦਾ | ਬੇੜਾ ਗਰਕ ਹੋਵੇ ਏਹੋ ਜਹੇ ਵਚੋਲਿਆਂ ਦਾ | …." ਤੇ ਉਹ ਬੋਲੀ ਗਈ ਤੇ ਬੋਲੀ ਹੀ ਗਈ |

ਇਹ ਸਭ ਸੁਣ ਕੇ ਮੈਨੂੰ ਜਿਵੇਂ ਚੱਕਰ ਜਿਹਾ ਆਇਆ | ਅੱਖਾਂ ਅੱਗੇ ਜਿਵੇਂ ਸਭ ਘੁਮਣ ਲੱਗ ਗਿਆ ਹੋਵੇ | ਚਾਰੋ ਪਾਸੇ ਹਨੇਰਾ ਛਾ ਗਿਆ | ਮੈਂ ਕੰਧ ਦਾ ਸਹਾਰਾ ਲੈਕੇ ਆਪਣੇ ਆਪਨੂੰ ਡਿੱਗਣ ਤੋਂ ਬਚਾਇਆ |

ਕੁਝ ਸਮਝ ਨਹੀਂ ਆਈ ,ਇਹ ਕੀ ਹੋ ਗਿਆ | ਇਹ ਸਭ ਸੁਣ ਕੇ ਤਾਂ ਮੇਰੇ ਪੈਰਾਂ ਹੇਠੋਂ ਜਮੀਨ ਖਿਸਕ ਗਈ | ਮੇਰੇ ਮਾਪਿਆਂ ਨੇ ਤਾਂ ਕਿਸੇ ਪਸਿਓ ਕੋਈ ਕਸਰ ਨਹੀਂ ਸੀ ਛਡੀ –ਆਪਣੀ ਹੈਸੀਅਤ ਤੋਂ ਵੱਧ ਕੇ ਵਿਆਹ ਤੇ ਖਰਚ ਕੀਤਾ ਸੀ ,ਫੇਰ ਵੀ… | ਪਰ ਮੈਨੂੰ ਇਹ ਸਮਝਣ 'ਚ ਬਹੁਤ ਸਮਾਂ ਨਹੀਂ ਲੱਗਿਆ ਕਿ ਏਸ ਘਰ 'ਚ ਇਸ ਵਿਆਹ ਤੋਂ ਕੋਈ ਖੁਸ਼ ਨਹੀਂ ਸੀ | ਸਭ ਦੇ ਮਨ 'ਚ ਗੁੱਸਾ ਜਿਹਾ ਭਰਿਆ ਸੀ ਕਿ ਮੈਂ ਕੁਝ ਲੈ ਕੇ ਨਹੀਂ ਆਈ ਤੇ ਜੋ ਕੁਝ ਮੈਨੂੰ ਦਾਜ 'ਚ ਮਿਲਿਆ ਸੀ ਓਹ ਤਾਂ ਜਿਵੇਂ ਓਹਨਾਂ ਨੂੰ ਦਿਸਦਾ ਹੀ ਨਾ ਹੋਵੇ , ਓਹ ਸਭ ਅਣਦੇਖਿਆ ਕਰ ਦਿੱਤਾ ਸਾਰਿਆਂ ਨੇ | ਸ਼ਾਇਦ ਇਹ ਕੁਝ ਹੋਰ ਹੀ ਚਾਹੁੰਦੇ ਸਨ | ਲੈਣਾ ਤਾਂ ਜਰੂਰ ਚਾਹੁੰਦੇ ਸਨ ਪਰ ਮੰਗਣਾ ਨਹੀਂ | ਓਹ ਚਾਹੁੰਦੇ ਸਭ ਚੀਜ਼ਾਂ ਸਨ ਪਰ ਕਹਿਣਾ ਨਹੀਂ |

ਖੈਰ,ਜੋ ਹੋਇਆ ਸੋ ਹੋਇਆ | ਪਰ ਸਚਾਈ ਇਹ ਹੈ ਕਿ ਹੁਣ ਇਹ ਹੀ ਮੇਰਾ ਨਸੀਬ ਹੈ,ਇਹ ਹੀ ਮੇਰੀ ਕਿਸਮਤ ,ਇਹ ਹੀ ਮੇਰਾ ਘਰ,ਮੇਰਾ ਪਰਿਵਾਰ |

ਮੈਨੂੰ ਕਿਸੇ ਸੋਚਾਂ 'ਚ ਡੁੱਬੀ ,ਓਥੇ ਖੜੀ ਨੂੰ ਤੇ ਸਭ ਸੁਣਦੀ ਨੂੰ ਵੇਖ ਮੇਰੀ ਨਨਾਣ ਕਹਿਣ ਲੱਗੀ – ਬਹੁਤ ਹੋ ਗਿਆ ਆਰਾਮ-ਨਵੀਆਂ ਵਹੁਟੀਆਂ ਵਾਲਾ | ਹੁਣ ਸ਼ਾਇਦ ਉਸ ਨੂੰ ਵੀ ਲੱਗਾ ਕਿ ਹੁਣ ਕੋਈ ਉਹਲਾ

ਰੱਖਣ ਦੀ ਲੋੜ ਨਹੀਂ ,ਸਭ ਰਿਸ਼ਤੇਦਾਰ ਚਲੇ ਗਏ ਹਨ | ਤਾਂ ਉਸਨੇ ਮੇਰੀ ਬਾਂਹ ਘੁੱਟ ਕੇ ਫੜ ਕੇ ਖਿੱਚੀ ਤੇ ਮੈਨੂੰ ਸਿੱਧਾ ਚੌਂਕੇ ਵੱਲ ਲੈ ਗਈ | ਤੇ ਬਸ ਇੰਝ ਮੇਰੀ ਚੌਂਕੇ ਚੜਾਈ ਦਾ ਸ਼ਗਨ ਵੀ ਹੋ ਗਿਆ |ਤੇ ਓਸੇ ਦਿਨ ਤੋਂ ਹੀ ਸ਼ੁਰੂ ਹੋ ਗਈਆਂ ਮੇਰੀਆਂ ਜਿੰਮੇਂਵਾਰੀਆਂ | ਇਕ ਨੂੰਹ ਦੀਆਂ ਜਿਮੇਂਵਾਰੀਆਂ ,ਇਕ ਨੂੰਹ ਦੇ ਫਰਜ਼ ,ਇਕ ਨੂੰਹ ਦੇ ਕੰਮ ਤੇ ਇਕ ਇਕ ਨੂੰਹ ਦੀ ਗੁਲਾਮੀ |

....ਓਸ ਦਿਨ ਮੈਂ ਸਵੇਰ ਤੋਂ ਲੈਕੇ ਸ਼ਾਮ ਤੀਕ ਚੌਂਕੇ 'ਚ ਹੀ ਰਹੀ | ਸਾਰੇ ਕੰਮ ਕਰਨ 'ਚ ਮੈਨੂੰ ਕੁਝ ਜਾਦਾ ਹੀ ਵਕਤ ਲੱਗ ਰਿਹਾ ਸੀ | ਹੋ ਸਕਦਾ ਹੈ ਇਸ ਲਈ ਕਿਉਂਕਿ ਮੈਂ ਪਹਿਲੋਂ ਕਦੇ ਵੀ ਏਹੋ ਜਿਹਾ ਭਾਰਾ ਕੰਮ ਨਹੀਂ ਸੀ ਕੀਤਾ |ਸ਼ਾਮਾਂ ਪਏ ਮੈਂ ਖੂਹ ਤੋਂ ਪਰਤਦੇ ਆਉਂਦੇ ਆਪਣੇ ਪਤੀ ਤੇ ਆਪਣੇ ਸਹੁਰੇ ਦੀ ਪੈਰਾਂ ਦੀ ਆਹਟ ਸੁਣਕੇ ਘੁੰਡ ਕੱਡ ਲਿਆ | ਓਸ ਰਾਤ ਮੈਂ ਸਭ ਨੂੰ ਰੋਟੀ ਖਵਾਕੇ ,ਭਾਂਡੇ ਧੋ ਕੇ , ਸਭ ਖਲਾਰ-ਪਲਾਰ ਸੰਭਾਲਕੇ ਆਪਣੀ ਰੋਟੀ ਖਾਣ ਲਈ ਬੈਠਨ ਹੀ ਲੱਗੀ ਸੀ ਕਿ ਮੰਨੋ (ਮੇਰੀ ਨਨਾਣ ) ਨੇ ਮੇਰੀ ਬਾਂਹ ਫੜੀ ਤੇ ਮੈਨੂੰ ਕਮਰੇ 'ਚ ਧਕੇਲ ਦਿੱਤਾ |

*****************************************************************************

ਮੈਂ ਡਰੀ ,ਘਬਰਾਈ ਤੇ ਭੁੱਖੀ ਤੇ ਸਹਿਮੀ ਕਮਰੇ ਦੀ ਨੁਕਰੇ ਲੱਗ ਖੜ ਗਈ | ਮੇਰੇ ਪਤੀ ਨੇ ਮੇਰਾ ਘੁੰਡ ਤਾਂ ਕੀ ਚੁਕਣਾ ਸੀ | ਮੇਰੀ ਪੂਰੀ ਚੁੰਨੀ ਮੇਰੇ ਸਿਰੋਂ ਚੁੱਕ ਪਾਸੇ ਮਾਰੀ ਤੇ ਮੂੰਹ ਵਖਾਈ 'ਚ ਵੱਟ ਕੇ ਇਕ ਚਪੇੜ ਮੇਰੀ ਸੱਜੀ ਗਲ ਤੇ ਮਾਰੀ ਤੇ ਓਹ ਕਹਿਣ ਲੱਗਾ " ਪਿਛਲੇ ਮਹੀਨੇ ਮੇਰੇ ਤਾਏ ਦੇ ਮੁੰਡੇ ਦਾ ਵਿਆਹ ਸੀ | ਘਰ ਭਰ ਗਿਆ ਉਹਨਾ ਦਾ | ਤੇਰੇ ਮਾਂ – ਪਿਓ ਤੇਨੂੰ ਕਿਸੇ ਰੂੜੀ ਤੋਂ ਚੁਕ ਕੇ ਲਿਆਏ ਸੀ | ਤੂੰ ਉਹਨਾਂ ਦੀ ਆਪਣੀ ਹੈ ਕਿ ਮਤਰਈ | ਖਾਲੀ ਹੱਥ ਤੋਰ ਦਿੱਤਾ ਤੈਨੂੰ | ਥੋੜੀ ਤਾਂ ਲੋਕ ਲਾਜ ਰੱਖਦੇ |"

ਇਹ ਮੇਰੀ ਮੇਰੇ ਪਤੀ ਨਾਲ ਪਹਿਲੀ ਮੁਲਾਕਾਤ ਸੀ |

ਮੈਂ ਸਮਝ ਗਈ ਸਾਂ...ਮੇਰੇ ਪਤੀ ਦੀਆਂ ਅੱਖਾਂ 'ਚ ਓਹ ਗੁੱਸਾ ਕਿਸ ਕਰਕੇ ਸੀ | ਜਿਨਾਂ ਦਾਜ ਸਭ ਨੇ ਸੋਚਿਆ ਸੀ ,ਓਨਾ ਨਹੀਂ ਸੀ ਦਿੱਤਾ | ਪਰ ਮੈਨੂੰ ਪਤਾ ਹੈ ,ਮੇਰੇ ਘਰ ਦਿਆਂ ਨੇ ਓ ਸਭ ਕੀਤਾ ਤੇ ਹੱਦੋਂ ਵੱਧ ਕੀਤਾ | ਤੇ ਮੈਂ ਇਹੀ ਸੋਚਦੀ ਸੋਚਦੀ ਸੋ ਗਈ ਕਿ ਮੇਰੇ ਪਤੀ ਨੇ ਵੀ ਮੈਨੂੰ ਦਾਜ 'ਚ ਆਏ ਸਮਾਨ ਵਾਂਗ ਅਣਦੇਖਿਆ ਕਰ ਦਿੱਤਾ | ਉਸ ਨੇ ਮੈਨੂੰ ਇਕ ਵਾਰੀ ਵੀ ਪਿਆਰ ਨਾਲ ਕਿਓ ਨਹੀਂ ਵੇਖਿਆ ? ਕਿਉਂ ਓਹ ਮੇਰੇ ਨਾਲ ਬਿਨਾਂ ਕੋਈ ਗੱਲ ਕੀਤੇ , ਆਪਣੀ ਜਰੂਰਤ ਪੂਰੀ ਕਰਕੇ ਸੌਂ ਗਿਆ ?

...ਅਗਲੀ ਸਵੇਰ ਮੇਰੀ ਅੱਖ ਨਾਂ ਖੁੱਲੀ ਤਾਂ ਮੇਰੇ ਪਤੀ ਨੇ ਮੈਨੂੰ ਉਠਾਉਣ ਲਈ ਮੇਰੀ ਵੱਖੀ 'ਚ ਜੋਰ ਦੀ ਇਕ ਲੱਤ ਮਾਰੀ | ਮੈਂ ਤ੍ਰਬਕ ਕੇ,ਹੜਬੜਾ ਕੇ ਉਠ ਬੈਠੀ | ਉਠਦਿਆਂ ਹੀ ਏਹੋ ਜਹੀਆਂ ਗਾਲਾਂ ਮੇਰੇ ਕੰਨੀ ਪਈਆਂ ਕਿ ਸੁਣ ਕੇ ਕੰਨ ਪੱਕ ਜਾਣ | "ਏਥੇ ਸੌਂਣ ਆਈ ਹੈਂ | ਬਾਹਰ ਬੀਬੀ 'ਵਾਜਾਂ ਪਈ ਮਾਰਦੀ ਪਈ ਹੈ | ਕੰਨਾ 'ਚ ਤੇਲ ਪਾ ਕੇ ਸੁੱਤੀ ਏ –ਸੁਣਦਾ ਨਹੀਂ ਤੇਨੂੰ ਕਿ ਬੋਲੀ ਏਂ ਤੂੰ |"

ਮੈਂ ਜੱਦ ਉੱਠੀ ,ਕਮਰੇ 'ਚੋ ਬਾਹਰ ਨਿਕਲੀ ਤਾਂ ਦਿਨ ਚੜ ਚੁੱਕਾ ਸੀ | ਬਾਹਰ ਸਭ ਮੇਰੀ ਹੀ ਉਡੀਕ ਕਰ ਰਹੇ ਸਨ | ਕਿਸੇ ਨੇ ਵੀ ਚਾਹ ਨਾਂ ਬਣਾਈ ਤੇ ਨਾਂ ਪੀਤੀ ਸੀ | ਇਹ ਵੇਖ ਮੈਂ ਫਟਾਫਟ ਜਾ ਚੌਂਕੇ 'ਚ ਵੜ ਗਈ | ਮੈਂ ਚੁੱਲੇ 'ਚ ਅੱਗ ਬਾਲੀ ਤੇ ਚਾਹ ਦਾ ਪਤੀਲਾ ਉੱਤੇ ਧਰ ਕੇ ਖੁਰੇ ਤੇ ਮੂੰਹ –ਹੱਥ ਧੋਣ ਲਈ ਚਲੀ ਗਈ | ਜਿੱਦਾਂ ਹੀ ਮੈਂ ਮੂੰਹ ਤੇ ਪਾਣੀ ਦੇ ਛਿੱਟੇ ਪਾਏ | ਇਹ ਸੁਣ ਕੰਧ ਦੇ ਪਰਲੇ ਪਸਿਓਂ ਅਵਾਜ਼ ਆਈ "ਮੰਨੋ ,ਅੱਜ ੫ ਵਜੇ |" ਮੈਨੂੰ ਲੱਗਾ ਕੋਈ ਤੇ ਹੈ ਦੂਜੇ ਪਾਸੇ ਜੋ ਕੁਝ ਕਹਿ ਰਿਹਾ ਹੈ | ਤੇ ਇੰਝ ਵੀ ਲੱਗਾ ਕਿ ਗਲਤੀ ਨਾਲ ਮੈਨੂੰ ਮੰਨੋ ਸਮਝ ਰਿਹਾ ਹੈ | ਮੈਂ

ਥੋੜਾ ਉੱਚਾ ਉਠ ਕੇ ਕੰਧ ਦੇ ਪਰਲੇ ਬੰਨੇ ਵੇਖਿਆ ਪਰ ਮੈਨੂੰ ਉਥੇ ਕੋਈ ਨਾ ਦਿਸਿਆ | ਸ਼ਾਇਦ ਮੈਨੂੰ ਕੋਈ ਭੁਲੇਖਾ ਲੱਗਾ ਸੀ | ਗੁਆਂਡੀਆਂ ਦੇ ਘਰੋ ਏਹੋ ਜਹੀਆ ਅਵਾਜਾਂ ਸਵੇਰੇ ਸਵੇਰੇ ਕਿਉ ਆਉਣਗੀਆਂ | ਖੈਰ ...

ਮੈਨੂੰ ਦੂਜੇ ਬੰਨੇ ਝਾਤੀਆਂ ਮਾਰਦੀ ਨੂੰ ਵੇਖ ਮੇਰੀ ਨਨਾਣ ਝੱਟ ਖੁਰੇ ਤੇ ਆ ਗਈ ਤੇ ਕਹਿਣ ਲੱਗੀ " ਤੇਰਾ ਪਾਣੀ ਰਿਝ - ਰਿਝ ਸੁੱਕ ਚੱਲਾ – ਮੂੰਹ ਹੀ ਲਿਸ਼ਕਾਈ ਜਾਵੇਂਗੀ ਕਿ ਚਾਹ ਵੀ ਪਿਆਂਵੇਂਗੀ |"

ਅਗਲੇ ਦਿਨ ਮੈਂ ਡਰਦੀ ਕੁੱਕੜ ਦੀ ਬਾਂਗ ਤੋਂ ਪਹਿਲੋਂ ਹੀ ਉਠ ਖੜੀ ਹੋਈ ਤੇ ਆਪਣੇ ਕੰਮ ਤੇ ਲੱਗ ਗਈ | ਮੈਂ ਫਟਾਫਟ ਸਾਰੇ ਕੰਮ ਬੜੀ ਹੀ ਚੰਗੀ ਤਰਾਂ ਤੇ ਸਮੇਂ ਸਿਰ ਕਰਤੇ | ਓਸ ਦਿਨ ਦੁਪਹਿਰੋਂ ਬਾਅਦ ਮੰਨੋ ਵੀ ਆਪਣੇ ਸਹੁਰੇ ਜਾਣ ਲਈ ਤਿਆਰ ਹੋ ਗਈ | ਮੇਰੇ ਚਾਰ –ਪੰਜ ਨਵੇਂ ਸੂਟ ਤੇ ਕਈ ਸੁਰਖੀਆਂ –ਬਿੰਦੀਆਂ ਵੀ ਲੈ ਗਈ | 'ਤੇ ਜਾਂਦੇ ਜਾਂਦੇ ਮੇਰੇ ਪਤੀ ਨੂੰ ਕਹਿ ਗਈ "ਧਿਆਨ ਰੱਖੀ ਇਸ ਦਾ ,ਮੈਨੂੰ ਇਹਦਾ ਚਾਲ – ਚੱਲਣ ਵੀ ਕੁਝ ਠੀਕ ਜਿਹਾ ਨਹੀਂ ਲੱਗ ਰਿਹਾ | ਆਈ ਨੂੰ ਦੋ ਦਿਨ ਹੋਏ ਨਹੀਂ ਹਲੇ ਕਿ ਗੁਆਂਡੀਆਂ ਦੇ ਘਰੇ ਝਾਤੀਆਂ ਪਈ ਮਾਰਨ ਵੀ ਲੱਗ ਗਈ ਏ |"

ਚਲੋ ਜੀ ,ਗੁੱਸਾ ਤੇ ਅੱਗੇ ਹੀ ਸਾਰਿਆਂ ਨੂੰ ਬਹੁਤ ਸੀ ਮੇਰੇ ਉੱਤੇ | ਤੇ ਉਸ ਗੁੱਸੇ ਦੀ ਵਜਾ ਵੀ ਮੈਨੂੰ ਪਤਾ ਸੀ –ਦਾਜ 'ਚ ਵੱਡੀਆਂ ਤੇ ਜਿਆਦਾ ਚੀਜ਼ਾਂ ਨਾ ਆਉਣ ਦਾ ਗੁੱਸਾ | ਪਰ ਹੁਣ ਮੰਨੋ ਨੇ ਇਹ ਸ਼ੱਕ ਦਾ ਬੀਜ਼ ਵੀ ਬੋ ਦਿੱਤਾ | ਤੇ ਹੁਣ ਮੈਨੂੰ ਮੇਰਾ ਘਰਵਾਲਾ ਗੁੱਸੇ ਤੇ ਸ਼ੱਕ ਦੀ ਨਜ਼ਰ ਨਾਲ ਵੇਖਣ ਲੱਗ ਗਿਆ | ਮੰਨੋ ਨੇ ਇੰਝ ਕਿਓ ਕੀਤਾ ...ਪਤਾ ਨਹੀਂ |

ਹੁਣ ਮੇਰਾ ਪਤੀ ਹਰ ਵੇਲੇ ਮੇਰੇ ਤੇ ਨਜ਼ਰ ਰਖਦਾ ਸੀ | ਉਸਨੂੰ ਲੱਗਦਾ ਮੈਂ ਗੁਆਂਡੀਆਂ ਦੇ ਮੁੰਡੇ -ਭਿੰਦੇ ਵੱਲ ਵੇਖਦੀ ਰਹਿੰਦੀ ਹਾਂ 'ਤੇ ਭਿੰਦਾ ਵੀ ਮੇਰੇ ਵੱਲ ਬੁਰੀ ਨਜ਼ਰ ਨਾਲ ਤੱਕਦਾ ਹੈ | ਪਰ ਮੇਰਾ ਰੱਬ ਜਾਣਦਾ ਏਹੋ ਜਹੀ ਕੋਈ ਗੱਲ ਨਹੀਂ ਸੀ | ਮੈਂ ਤਾਂ ਉਸਦੀ ਕਦੀ ਸ਼ਕਲ ਤੱਕ ਨਹੀ ਵੇਖੀ ਫੇਰ ਏਹੋ ਜਹੀ ਗੰਦੀ ਹਰਕਤ ... ਇਹੋ ਜਹੀ ਗੱਲ ਤਾਂ ਸੋਚਣੀ ਵੀ ਪਾਪ ਹੈ | ਪਤਾ ਨਹੀਂ ਮੰਨੋ ਭੈਣਜੀ ਨੇ ਇੰਝ ਕਿਓ ਕੀਤਾ | ਉਸ ਦਿਨ ਦਾ ਹੀ ਮੇਰੇ ਘਰਵਾਲੇ ਦੇ ਮਨ 'ਚ ਸ਼ੱਕ ਨੇ ਘਰ ਕਰ ਲਿਆ ਸੀ |

ਹੁਣ ਮੈਂ ਰੋਜ਼ ਸਵੇਰੇ ਉਠਦੀ ਤੇ ਕੰਮ ਤੇ ਲੱਗ ਜਾਂਦੀ | ਰਿੰਨਣਾ ,ਪਕਾਉਣਾ,ਭਾਂਡੇ ,ਸਾਫ਼- ਸਫਾਈ ,ਸੱਸ – ਸਹੁਰੇ ਨੂੰ ਟਾਇਮ ਨਾਲ ਚਾਹ-ਪਾਣੀ ਦੇਣਾ | ਸਭ ਦੀ ਸੇਵਾ ਕਰਨੀ ਤੇ ਓਹਨਾ ਦਾ ਕਹਿਣਾ ਸਿਰ ਮੱਥੇ ਸਮਝਕੇ ਮੰਨਣਾ – ਇਹ ਹੀ ਮੇਰੀ ਜਿੰਦਗੀ ਸੀ ਹੁਣ | ਪਰ ਪਤਾ ਨਹੀਂ ਕਿਓ ਮੈਂ ਆਪਣੇ ਵੱਲੋਂ ਜਿੰਨਾ ਵੀ ਕਰਦੀ ਉਹਨਾਂ ਨੂੰ ਖੁਸ਼ ਨਹੀਂ ਸੀ ਕਰ ਪਾਉਂਦੀ | ਮੇਰੀ ਸੱਸ ਮੈਨੂੰ ਤਾਹਣੀਆਂ –ਮਿਹਣਿਆਂ ਨਾਲ ਮਾਰਦੀ ਸੀ | ਅੱਜ ਵੀ ਮੈਂ ਉਸਦੀਆਂ ਅੱਖਾਂ 'ਚ ਰੜਕਦੀ ਸਾਂ ...ਪਤਾ ਨਹੀਂ ਸਮੇਂ ਨਾਲ ਉਸਦਾ ਗੁੱਸਾ ਸ਼ਾਂਤ ਕਿਉਂ ਨਹੀਂ ਸੀ ਹੋਇਆ ?

ਮੈਂ ਅਕਸਰ ਉਸਨੂੰ ਆਪਣੇ ਸਹੁਰੇ ਨਾਲ ਖੁਸਰ ਪੁਸਰ ਕਰਦੇ ਸੁਣਦੀ ਸਾਂ- "ਕੁਚੱਜੀ ਨਾ ਹੋਵੇ ਕਿਸੇ ਥਾਂ ਦੀ ...ਕਿਸੇ ਕੰਮ ਦਾ ਚੱਜ ਨਹੀਂ ਇਸਨੂੰ |ਨਾਂ ਰੋਟੀ ਦਾ ,ਨਾਂ ਕਪੜੇ ਧੋਣ ਦਾ | ਆ ਵੇਖੋ ਏਦੇ ਧੋਤੇ ਕਪੜੇ ਜਮਾਂ ਨੀ ਨਿਖਰਦੇ |" ਤੇ ਮੇਰਾ ਸਹੁਰਾ ਚੁੱਪ ਕੀਤੇ ਹੀ ਓਹਦੀ ਹਾਂ 'ਚ ਹਾਂ ਭਰ ਦਿੰਦਾ ਸੀ | ਤੇ ਮੈਂ ਵੀ ਹੁਣ ਇਸ ਘਰ ਦੇ ਮਹੋਲ 'ਚ ਢੱਲ ਚੁੱਕੀ ਸਾਂ |

ਹੁਣ ਸਾਰਾ ਦਿਨ ਸੱਸ ਦੇ ਤਾਹਣੇ ਮਿਹਣੇ ਤੇ ਰਾਤੀ ਥੱਕੀ –ਟੁੱਟੀ ਨੂੰ ਬੇਵਜਾਹ ਹੀ ਪਤੀ ਦੀਆਂ ਚਪੇੜਾਂ | ਇਹੀ ਸਭ ਹੁੰਦਾ ਸੀ ਰੋਜ਼ –ਹਰ ਰੋਜ਼ | ਜੇ ਕਦੇ ਕਿਸੇ ਦਿਨ ਓਹ ਮੈਨੂੰ ਮਾਰੇ ਬਿਨਾਂ ਹੀ ਸੌਂ ਜਾਂਦਾ ਤਾਂ ਮੈਂ ਸਾਰੀ ਰਾਤ ਡਰਦੀ ਰਹਿੰਦੀ ਕਿ ਹੁਣ ਜੇ ਇਹ ਅੱਧੀ ਰਾਤੀ ਉਠ ਗਿਆ ਤਾਂ ਜਿਆਦਾ ਕੁਟੂ |

ਦਿਨਾਂ ‘ਚ ਹੀ ਸੱਸ ਦੇ ਤਾਹਣੇ ਹੋਰ ਵੱਦ ਗਏ | ਹੁਣ ਤਾਂ ਉਹ ਸ਼ਰੇਆਮ ,ਉੱਚੀ –ਉੱਚੀ ਮੈਨੂੰ ਗਾਲਾਂ ਕਢੱਦੀ ਝੱਕਦੀ ਨਹੀਂ ਸੀ |ਸਾਰਾ ਦਿਨ ਮੇਰੇ ਕੰਨਾ ‘ਚ ਗਲਾਂ ਗੂੰਜਦੀਆਂ | ਪਹਿਲੋਂ ਪਹਿਲੋਂ ਬੁਰਾ ਜਰੂਰ ਲਗਦਾ ਸੀ ,ਰੋਣਾ ਵੀ ਆਉਂਦਾ ਸੀ | ਪਰ ਫੇਰ ਆਦਤ ਜਹੀ ਹੋ ਗਈ | ਤੇ ਜਿਸ ਦਿਨ ਬੀਬੀ ਦੇ ਮੂੰਹੋਂ ਗਾਲ ਨਾ ਪੇਂਦੀ ,ਇੰਝ ਲਗਦਾ ਬੀਬੀ ਬਿਮਾਰ ਹੈ |

ਇਕ ਦਿਨ ਮੈਂ ਕਪੜੇ ਸੁਕਣੇ ਪਾਉਣ ਕੋਠੇ ਤੇ ਗਈ | ਓਸੇ ਹੀ ਵੇਲੇ ਗੁਆਂਢ ਵਾਲਿਆਂ ਦਾ ਮੁੰਡਾ –ਭਿੰਦਾ ਵੀ ਕੋਠੇ ਚੜਿਆ ਹੋਇਆ ਸੀ | ਰੱਬ ਦੀ ਸਹੁੰ ਨਾਂ ਉਹਨੇ ਮੇਰੇ ਵੱਲ ਵੇਖਿਆ ,ਨਾਂ ਮੈ | ਪਰ ਬੀਬੀ ਨੇ ਸਾਨੂੰ ਦੋਹਾਂ ਨੂੰ ਇਕੋ ਹੀ ਟਾਇਮ ਕੋਠੇ ਚੜਿਆਂ ਨੂੰ ਜਰੂਰ ਵੇਖ ਲਿਆ | ਫੇਰ ਕੀ ਸੀ ...

ਓਸ ਦਿਨ ਸ਼ਾਮੀ ਜਦੋਂ ਮੇਰਾ ਘਰਵਾਲਾ ਘਰ ਆਇਆ ਤਾਂ ਸੱਸ ਨੇ ਓਹਦੇ ਕੰਨ ‘ਚ ਏਹੋ ਜਹੀ ਫੂਕ ਮਾਰੀ ਕਿ ਉਹ ਗੁੱਸੇ ‘ਚ ਲਾਲ ਹੋ ਗਿਆ | ਓਹ ਕੋਠੇ ਵਾਲੀ ਗੱਲ ਜੋ ਕਿ ਅਸਲ ‘ਚ ਕੋਈ ਗੱਲ ਹੈ ਹੀ ਨਹੀਂ ਸੀ ,ਮਿਰਚ –ਮਸਾਲੇ ਲਾ ..,ਇਸ ਤਰਾਂ ਬਣਾ ਕੇ ਦੱਸੀ ਗਈ ਕੇ ਉਹ ਮੇਰੇ ਵੱਲ ਇਸ਼ਾਰੇ ਪਿਆ ਕਰਦਾ ਸੀ ਤੇ ਮੈਂ ਵੀ ਅੱਗੋਂ ਉਹਦੇ ਵੱਲ ਵੇਖ ਵੇਖ ਹੱਸਦੀ ਪਈ ਸਾਂ | ਬਸ ਫੇਰ ਕੀ ਸੀ ...ਹੁਣ ਮੇਰੀ ਖੈਰ ਨਹੀਂ ਸੀ | ਮੇਰੇ ਪਤੀ ਨੇ ਇਕ ਇਸ਼ਾਰਾ ਕੀਤਾ ਤੇ ਸੱਸ ਨੇ ਨੁੱਕਰ ‘ਚ ਪਈ ਸੋਟੀ ਮੇਰੇ ਘਰਦੇ ਨੂੰ ਫੜਾ ਦਿੱਤੀ | ਮੇਰੇ ਵਾਲਾਂ ਤੋਂ ਧਰੂ ਕੇ ਉਹ ਮੈਨੂੰ ਅੰਦਰ ਲੈ ਗਿਆ ਤੇ ਅੰਦਰ ਲਜਾਕੇ ਬੂਹੇ ਦੀ ਕੁੰਡੀ ਮਾਰਕੇ ਸੋਟੀ ਨਾਲ ਮੈਨੂੰ ਮਾਰਨਾ ਸ਼ੁਰੂ ਕਰ ਦਿੱਤਾ | ਬਹੁਤ ਮਾਰਿਆ ...ਮਾਰੀ ਹੀ ਗਿਆ | ਮੇਰੀ ਹਾਲਤ ਏਹੋ ਜਹੀ ਹੋ ਗਈ ਸੀ ਕਿ ਮੇਰੇ ਕੋਲੋਂ ਆਪਣੀਆਂ ਲੱਤਾਂ ਤੇ ਖੜਾ ਨਹੀਂ ਸੀ ਹੋਇਆ ਜਾਂਦਾ |

ਇਹ ਝੂਠੀ ਗੱਲ ਕਰਕੇ ਮੇਰੇ ਪਤੀ ਦਾ ਸ਼ੱਕ ,ਜੋ ਮੈਂ ਸੋਚਦੀ ਸੀ ਕੱਚਾ ਤੇ ਝੂਠਾ ਹੈ ...,ਓਹ ਪੱਕਾ ਹੋ ਗਿਆ | ਭਲਾ ਭੈਣਾਂ ਤੇ ਮਾਵਾਂ ਵੀ ਕਦੀ ਝੂਠ ਬੋਲਦੀਆਂ ਨੇ |

ਹੁਣ ਕੰਮ ਚਪੇੜਾਂ , ਲੱਤਾਂ, ਸੋਟੀ ਤੋਂ ਵਦ ਗਿਆ ਸੀ | ਹੁਣ ਜੋ ਹੱਥ ‘ਚ ਆਉਂਦਾ ਉਹ ਵਗਾਹ ਕੇ ਮਾਰ ਦਿੰਦਾ | ਹੁਣ ਤਾਂ ਕੋਈ ਕਾਰਨ ਵੀ ਨਹੀਂ ਸੀ ਚਾਹੀਦਾ ਮਾਰਨ ਲਈ | ਇਕ ਦਿਨ ਉਸਨੂੰ ਸਬਜ਼ੀ ‘ਚ ਲੂਣ ਘੱਟ ਲੱਗਾ ਤਾਂ ਚੁੱਲੇ ‘ਚੋਂ ਭੱਖਦੀ ਲੱਕੜ ਮੈਨੂੰ ਮਾਰ ਦਿੱਤੀ | ਅੱਜ ਵੀ ਮੇਰੇ ਸਰੀਰ ਤੇ ਉਸਦੀਆਂ ਕੁੱਟਾਂ ਦੀਆਂ ਲਾਸਾਂ ਹਨ |ਗੁੱਸਾ ਕਿਸੇ ਹੋਰ ਚੀਜ਼ ਦਾ ਹੁੰਦਾ ਪਰ ਨਿਕਲਦਾ ਮੇਰੇ ਤੇ ਸੀ | ਉਹਦਾ ਕੰਮ ਕੋਈ ਹੋਰ ਵਗਾੜਦਾ ਤੇ ਚਪੇੜਾਂ ਮੈਨੂੰ ਪੈਦੀਆਂ | ਕੁਝ ਵੀ ਪਸੰਦ ਨਾ ਆਉਂਦਾ ਤਾਂ ਵੀ ਮਾਰ ਮੈਨੂੰ ਹੀ ਪੇਂਦੀ | ਤੇ ਮਾਰ ਖਾਂਦੀ ਦੀ ਜੇ ਕਦੇ ਅਵਾਜ਼ ਨਿਕਲਦੀ ਤਾਂ ਉੱਤੋਂ ਹੋਰ ਪੈਦੀਆਂ | ਰੋਣ –ਰੂਣ ਦੀ ਇਜਾਜ਼ਤ ਨਹੀਂ ਸੀ | ਸੋ ਚੁਪ ਕਰਕੇ ਮਾਰ ਖਾਈ ਜਾਓ ,ਓਹ ਵੀ ਬਿਨਾ ਕਿਸੇ ਕਸੂਰ ਦੇ | ਇਹ ਹੀ ਇਸ ਘਰ ਦਾ ਰਿਵਾਜ਼ ਸੀ |

ਪਹਿਲੋਂ ਜਿਹੜੀ ਕੁੱਟਮਾਰ ਬੰਦ ਕਮਰੇ ਦੀ ਚਾਰਦੀਵਾਰੀ 'ਚ ਹੁੰਦੀ ਸੀ ,ਹੁਣ ਓਹ ਨਿਕਲ ਕੇ ਬਾਹਰ ਵਿਹੜੇ ਤੇ ਚੌਂਕੇ ਤੱਕ ਆ ਗਈ ਸੀ | ਪਹਿਲੋਂ ਜੋ ਹਾਲ ਮੇਰਾ ਰਾਤ ਨੂੰ ਹੁੰਦਾ ਸੀ ,ਓਹ ਹੁਣ ਦਿਨ ਦੇ ਕਿਸੇ ਵੀ ਵੇਲੇ ਹੋਣ ਲੱਗ ਗਿਆ ਸੀ | ਏਸੇ ਕਰਕੇ ਸ਼ਾਮ ਵੇਲੇ ਜਦੋਂ ਮੇਰੇ ਪਤੀ ਦੇ ਘਰ ਆਉਣ ਦਾ ਟਾਇਮ ਹੋਣ ਲਗਦਾ ,ਮੇਰੇ ਦਿਲ ਦੀ ਧੜਕਣ ਪਹਿਲੋਂ ਹੀ ਤੇਜ਼ ਹੋ ਜਾਂਦੀ | ਹੱਥ ,ਪੈਰ ਫੁੱਲਣ ਲਗਦੇ , ਗਲਾ ਸੁੱਕਣ ਲਗਦਾ ,ਲੱਤਾਂ ਡਰ ਨਾਲ ਕੰਬਨ ਲਗਦੀਆਂ | ਪਰ ਮੈਂ ਤਿਆਰ ਹੁੰਦੀ ਸਾਂ – ਮਾਰ ਖਾਣ ਲਈ 'ਤੇ ਉਹ ਵੀ ਤਿਆਰ ਆਉਂਦਾ ਸੀ ,ਬਿਨਾ ਕਿਸੇ ਨਾਂਗੇ ਦੇ , ਮੈਨੂੰ ਮਾਰਨ ਲਈ |

ਚਾਰ ਮਹੀਨੇ ਹੀ ਹੋਏ ਸਨ ਵਿਆਹ ਹੋਇਆਂ 'ਤੇ ਮੈਂ ਹੋਰ ਦੀ ਹੋਰ ਹੋ ਗਈ ਸਾਂ | ਜਿਵੇਂ ਕੱਖਾਂ ਵਾਂਗ ਰੁਲ ਗਈ ਹੋਵਾਂ ,ਸੁੱਕ ਕੇ ਤੀਲਾ ਹੋ ਲੀਰਾਂ ਦੀ ਗੁੱਡੀ ਬਣ ਰਹਿ ਗਈ ਸਾਂ | ਇਹੀ ਹੁਣ ਮੇਰੀ ਜਿੰਦਗੀ ਸੀ ਤੇ ਇਵੇਂ ਹੀ ਚੱਲੀ ਜਾ ਰਹੀ ਸੀ ਕਿ ਇਕ ਦਿਨ ਓਹ ਬੁਰੀ ਖਬਰ ਸਾਡੇ ਘਰ ਆਈ | ਖਬਰ ਕਿ ਮੇਰੀ ਨਨਾਣ ਦਾ ਘਰਵਾਲਾ ਅਚਾਨਕ ਗੁਜਰ ਗਿਆ |

ਇਹ ਖਬਰ ਸੁਣ ਘਰ 'ਚ ਰੋਣਾ – ਪਿੱਟਣਾ ਪੈ ਗਿਆ | ਗੱਲ ਹੀ ਏਹੋ ਜਹੀ ਸੀ ਜਿਸ ਨੇ ਸਭ ਨੂੰ ਹਿਲਾ ਦਿੱਤਾ ਸੀ | ਸਭ ਬਹੁਤ ਹੀ ਦੁਖੀ ਸਨ | ਮੇਰੀ ਸੱਸ ਦਾ ਰੋ ਰੋ ਬੁਰਾ ਹਾਲ ਸੀ | ਰੋਂਦੀ ਹੋਈ ਵੀ ਓਹ ਮੈਨੂੰ ਇਹ ਹੀ ਕਹਿ ਰਹੀ ਸੀ " ਜੱਦ ਦੀ ਇਸ ਨੈਸ਼ ਨੇ ਸਾਡੇ ਘਰ ਪੈਰ ਪਾਇਆ ...|" ਪਤਾ ਨਹੀ ਕਿਓ ਪਰ ਮੈਨੂੰ ਇਵੇਂ ਜਤਾਇਆ ਜਾ ਰਿਹਾ ਸੀ ਜਿਵੇਂ ਮੈਂ ਹੀ ਮੰਨੋ ਦੇ ਘਰਵਾਲੇ ਨੂੰ ਮਾਰਿਆ ਹੋਵੇ | ਚਲੋ ਕੋਈ ਗੱਲ ਨਹੀਂ ,ਮੈਨੂੰ ਜੋ ਮਰਜ਼ੀ ਕਹੀ ਜਾਣ...ਇਸ ਵਕਤ ਤਾਂ ਮੈਨੂੰ ਮੇਰੀ ਨਨਾਣ ਲਈ ਬਹੁਤ ਹੀ ਦੁੱਖ ਹੋ ਰਿਹਾ ਸੀ | ਰੱਬ ਦਾ ਕਹਿਰ ਟੁੱਟਿਆ ਸੀ ਸਾਡੇ ਸਾਰਿਆਂ 'ਤੇ |

...ਏਸ ਘਟਨਾ ਨੇ ਘਰ ਦਾ ਮਾਹੌਲ ਹੋਰ ਵਿਗਾੜ ਦਿੱਤਾ ਸੀ | ਹੁਣ ਕਲੈਣੀ ,ਕੁਲਸ਼ਣੀ ਦੇ ਨਾਲ ਨਾਲ ਮੈਂ ਨੈਸ਼ ਵੀ ਹੋ ਗਈ ਸਾਂ | ਹੁਣ ਤਾਂ ਮੇਰੀ ਸੱਸ ਵਾਂਗ ਮੇਰਾ ਸਹੁਰਾ ਵੀ ਮੈਨੂੰ ਤਾਹਨੇ ਮਾਰਦਾ ਤੇ ਨੈਸ਼ ਕਹਿੰਦਾ |ਸਵੇਰੇ ਉਠ ਮੇਰੀ ਸ਼ਕਲ ਨਹੀਂ ਸੀ ਦੇਖਦਾ ,ਕਹਿੰਦਾ ਸੀ...ਓਹਦਾ ਦਿਨ ਖਰਾਬ ਹੋ ਜਾਊ | ਹੁਣ ਤਾਂ ਮੈਂ ਆਪ ਵੀ ਆਪਣੇ ਆਪਨੂੰ ਨੈਸ਼ ਹੀ ਸਮਝਣ ਲੱਗ ਗਈ ਸਾਂ | ਨੈਸ਼ ਹੀ ਤਾਂ ਹਾਂ ਮੈਂ ...ਜਦੋਂ ਦੀ ਇਸ ਘਰ 'ਚ ਆਈ ਹਾਂ – ਸਭ ਦੇ ਚਹਿਰਿਆਂ ਦਾ ਹਾਸਾ ਉਡਾ ਦਿੱਤਾ | ਮੇਰੇ ਆਉਣ ਤੋਂ ਪਹਿਲੋਂ ਏਸ ਘਰ 'ਚ ਵੀ ਸਭ ਹਸਦੇ ਹੋਣਗੇ , ਮਖੌਲ ਕਰਦੇ ਹੋਣਗੇ, ਇਕਠੇ ਬੈਠ ਗੱਪਾਂ ਮਾਰਦੇ ਹੋਣਗੇ | ਮੈਂ ਸਭ ਨੂੰ ਨੈਸ਼ ਲਾ ਦਿੱਤੀ | ਮੈਂ ਤਾਂ ਆਪਣੇ ਆਪ ਲਈ ਵੀ ਨੈਸ਼ ਹੀ ਹਾਂ ਜਿਸਨੇ ਆਪਣੇ ਚਾਵਾਂ ,ਸਪਨੇ , ਤੇ ਖੁਸ਼ੀਆਂ ਨੂੰ ਨੈਸ਼ ਲਾ ਦਿੱਤੀ | ਨੈਸ਼. ਨੈਸ਼.. ਨੈਸ਼...

ਅਗਲੇ ਦਿਨ ਸਵੇਰੇ ਉਠਦੇ ਹੀ ਮੈਨੂੰ ਉਲਟੀਆਂ ਆਉਣ ਲੱਗ ਗਈਆਂ ,ਦਿਲ ਕੱਚਾ ਹੋਣ ਲੱਗ ਗਿਆ ,ਸਾਰਾ ਸਰੀਰ ਤਪਨ ਲੱਗ ਗਿਆ ...ਚੱਕਰ ਵੀ ਆਈ ਜਾਂਦੇ ਸਨ | ਮੇਰੀ ਇਹ ਹਾਲਤ ਵੇਖ ਮੇਰੀ ਸੱਸ ਕਹਿਣ ਲੱਗੀ "ਕੁਝ ਨਹੀਂ ਹੋਇਆ ਤੇਨੂੰ ...ਹੁਣ ਮੰਜਾ ਫੜ ਕੇ ਨਾ ਪੈ ਜਾਵੀਂ ...ਅੱਜ ਮੰਨੋ ਦੇ ਸਹੁਰਿਆਂ ਤੋਂ ਕੁਝ ਪਰਾਹੁਣੇ ਆਉਣ ਵਾਲੇ ਨੇ ,ਬਹੁਤ ਕੰਮ ਹੈ | ਨਾਲੇ ਪਹਿਲੇ ਬੱਚੇ ਵਾਰੀ ਇਹ ਸਭ ਹੁੰਦਾ ਹੀ ਹੈ |"

"ਬੱਚਾ"

ਮੈਨੂੰ ਸਮਝ ਨਹੀਂ ਸੀ ਆ ਰਹੀ ਇਹ ਲਫ਼ਜ਼ 'ਬੱਚਾ' ਸੁਣ ਕੇ ਮੈਂ ਹੁਣ ਕੀ ਕਰਾਂ – ਖੁਸ਼ ਹੋਵਾਂ ਕੇ ਉਦਾਸ , ਨੱਚਾਂ – ਟੱਪਾਂ ਕੇ ਲੰਮੀ ਪੈ ਜਾਵਾਂ | ਬੱਚਾ – ਮੇਰਾ ਬੱਚਾ | ਮੈਂ ਉਸਨੂੰ ਚੰਗਾ ਤੇ ਨੇਕ ਇਨਸਾਨ ਬਨਾਵਾਂਗੀ | ਓਹ ਮੈਨੂੰ ਸਮਝੇਗਾ | ਮੇਰੀਆਂ ਗੱਲਾਂ ਸੁਣੇਗਾ | ਮੈਨੂੰ ਪਿਆਰ ਕਰੇਗਾ | ਮੈਂ ਉਹਦੇ ਨਾਲ ਹੱਸਾਂਗੀ ,ਖੇਡਾਂਗੀ | ਮੇਰਾ ਬੱਚਾ ,ਮੇਰਾ ਆਪਣਾ ਬੱਚਾ | ਮੈਂ ਸਾਰਾ ਦਿਨ ਇਹੀ ਸੋਚ ਸੋਚ ਮਨ ਹੀ ਮਨ ਖੁਸ਼ ਹੁੰਦੀ ਰਹੀ |

ਅੱਜ ਘਰ 'ਚ ਬਹੁਤ ਸਾਰੇ ਮਹਿਮਾਨ ਆਉਣ ਵਾਲੇ ਸਨ | ਜਦ ਦਾ ਮੰਨੋ ਨਾਲ ਇਹ ਹਾਦਸਾ ਹੋਇਆ ਹੈ , ਬੀਬੀ ਨੂੰ ਅੰਦਰ ਹੀ ਅੰਦਰ ਇਕੋ ਗੱਲ ਖਾਈ ਜਾ ਰਹੀ ਸੀ ਭੀ ਕਿਤੇ ਮੰਨੋ ਦੇ ਸਹੁਰੇ ਮੰਨੋ ਨੂੰ ਵਿਦਵਾ ਆਸ਼ਰਮ 'ਚ ਨਾ ਭੇਜ ਦੇਣ | ਏਸੇ ਵਾਸਤੇ ਸਭ ਸ਼ਰੀਕਾ –ਬਰਾਦਰੀ ਵਾਲੇ ਇੱਕਠੇ ਹੋ ਅੱਜ ਕੁਝ ਫੈਸਲੇ ਕਰਨ ਵਾਲੇ ਸਨ |

ਦਰਅਸਲ ਸਾਡੇ ਇਲਾਕੇ 'ਚ ਇਕ ਬਹੁਤ ਵੱਡਾ ਵਿਧਵਾ – ਆਸ਼ਰਮ ਸੀ | ਕਹਿੰਦੇ ਨੇ ਏਥੋਂ ਦਾ ਕੋਈ ਬਹੁਤ ਵੱਡਾ – ਅੱਧੇ ਸ਼ਹਿਰ ਦਾ ਮਾਲਕ | ਪਰ ਉਸਦੀ ਆਪਣੀ ਕੋਈ ਔਲਾਦ ਨਹੀਂ ਸੀ | ਮਰਦੇ ਮਰਦੇ ਨੇ ਉਸਨੇ ਆਪਣੀ ਸਾਰੀ ਜਾਇਦਾਦ ਦਾਨ ਕਰ ਦਿੱਤੀ | ਜਾਂਦਾ ਜਾਂਦਾ ਇਕ ਵਿਧਵਾ ਆਸ਼ਰਮ ,ਇਕ ਅਨਾਥ ਆਸ਼ਰਮ ਤੇ ਇਕ ਹਸਪਤਾਲ ਖੋਲ ਨੇਕ ਕੰਮ ਕਰ ਗਿਆ | ਤੇ ਏਸੇ ਕਰਕੇ ਲਾਗਲੇ ਸਭ ਪਿੰਡਾਂ ਦਾ ਇਕ ਰਿਵਾਜ਼ ਜਿਹਾ ਬਣ ਗਿਆ ਭੀ ਜੇ ਕਿਸੇ ਦਾ ਆਦਮੀ ਏਦਾਂ ਹੋ ਜਾਵੇ ਤੇ ਉਸਦਾ ਕੋਈ ਬੱਚਾ ਵੀ ਨਾ ਹੋਵੇ ਤੇ ਜੇ ਉਸਨੂੰ ਜੇਠ ਦਿਓਰ ਵੱਲ ਬਿਠਾਉਣਾ ਹੋਵੇ ਤਾਂ ਠੀਕ ਹੈ ਨਹੀਂ ਤਾਂ ਉਸਦੀ ਭਲਾਈ ਲਈ ਉਸਨੂੰ ਇਸ ਵਿਧਵਾ ਆਸ਼ਰਮ 'ਚ ਭੇਜ ਦਿੱਤਾ ਜਾਂਦਾ | ਪਰ ਪਤਾ ਨਹੀਂ ਕਦੋਂ ਇਹ ਰਿਵਾਜ਼ ਬਣ ਗਿਆ ਤੇ ਹਰ ਇਕ ਵਿਧਵਾ ਨੂੰ ਏਥੇ ਭੇਜ ਦਿੱਤਾ ਜਾਂਦਾ ਤੇ ਉਸਨੂੰ ਨੈਸ਼ ਸਮਝ ਉਸ ਨਾਲ ਸਭ ਰਿਸ਼ਤੇ ਨਾਤੇ ਤੋੜ ਲਏ ਜਾਂਦੇ ਤੇ ਜੇ ਇਕ ਵਾਰੀ ਆਸ਼ਰਮ 'ਚ ਪੈਰ ਪੈ ਜਾਂਦਾ ਤਾਂ ਉਸਨੂੰ ਫੇਰ ਪਿੰਡ ਵਾਪਸ ਪਰਤਣ ਦੀ ਇਜਾਜ਼ਤ ਨਹੀਂ ਸੀ ਹੁੰਦਾ | ਤੇ ਕੋਈ ਵੀ ਉਸ ਆਸ਼ਰਮ ਵੱਲ ਨਹੀਂ ਸੀ ਜਾਂਦਾ ਕਿਉਂਕਿ ਉਸ ਰਸਤੇ ਵੱਲ ਜਾਣਾ ਅਪਸ਼ਗੁਣੀ ਮੰਨਿਆ ਜਾਂਦਾ ਸੀ | ਲੋਕੀ ਇਹ ਮੰਨਣ ਲੱਗ ਗਏ ਸੀ ਜਿਹੜੀ ਔਰਤ ਆਪਣੇ ਪਤੀ ਨੂੰ ਖਾ ਜਾਵੇ ਉਸਦੇ ਮੱਥੇ ਨਹੀਂ ਲੱਗੀ ਦਾ | ਉਸ ਔਰਤ ਦਾ ਪਰਛਾਵਾਂ ਜੇ ਪਿੰਡ ਤੇ ਪੈ ਜਾਵੇ ਤਾਂ ਪਿੰਡ 'ਤੇ ਬਹੁਤ ਵੱਡਾ ਕਹਿਰ ਟੁੱਟ ਸਕਦਾ ਹੈ | 'ਤੇ ਵਿਧਵਾ ਔਰਤਾਂ ਏਸੇ ਕਰਕੇ ਇਸ ਰੀਤ ਤੋਂ ਡਰਦੀਆਂ ਸਨ ...ਇਕ ਤਾਂ ਉਹਨਾਂ ਨੂੰ ਆਪਣੇ ਆਦਮੀ ਦੇ ਜਾਣ ਦਾ ਪਹਿਲੋਂ ਹੀ ਏਡਾ ਵੱਡਾ ਦੁਖ ਹੁੰਦਾ ਹੀ ਸੀ ਤੇ ਏਥੇ ਆਉਣ ਦੇ ਨਾਲ ਆਪਣੇ ਸਭ ਭੈਣ ਭਰਾਵਾਂ ,ਸਕੇ ਸੰਬੰਦੀਆਂ ਨਾਲ, ਮਾਂ-ਬਾਪ , ਸਭ ਰਿਸ਼ਤੇਦਾਰਾਂ ਨਾਲ ,ਸਭ ਨਾਲ ਹੀ ਰਿਸ਼ਤਾ ਟੁੱਟ ਜਾਂਦਾ ਸੀ | ਇਹ ਪ੍ਰਥਾ ਮੈਨੂੰ ਤਾਂ 'ਸਤੀ ਪ੍ਰਥਾ ' ਵਰਗੀ ਲਗਦੀ ਸੀ | ਆਪਣੇ ਸਿਰ ਦੇ ਸਾਈ ਦੇ ਜਾਣ ਕਰਕੇ ਇਕ ਤਾਂ ਪਹਿਲਾਂ ਹੀ ਵਚਾਰੀਆਂ ਅਧੀਆਂ ਮੋਇਆਂ 'ਚ ਹੋ ਜਾਂਦੀਆਂ ਸਨ | 'ਤੇ ਉਪਰੋਂ ਹੁਣ ਇਸ ਪ੍ਰਥਾ ਕਰਕੇ ਸਭ ਓਦੇ ਲਈ ਤੇ ਓਹ ਸਭ ਲਈ ਮਰ ਜਾਂਦੀਆਂ | ਜਿਵੇਂ ਆਦਮੀ ਦੇ ਨਾਲ ਹੀ ਔਰਤ ਦਾ ਅਸਤਿਤਵ ਹੋਵੇ | ਆਦਮੀ ਤੁਰ ਗਿਆ ਸਮਝੋ ਹੁਣ ਸਮਾਜ 'ਚ ਨਾ ਉਸਦੀ ਕੋਈ ਇੱਜਤ ਤੇ ਨਾ ਹੀ ਉਸਦੀ ਕੋਈ ਲੋੜ |

ਬਸ, ਪਿੰਡ ਦਾ ਸਰਪੰਚ ਓਸ ਆਸ਼ਰਮ ਦੇ ਨਾਮ ਇਕ ਚਿੱਠੀ ਲਿਖ ਦਿੰਦਾ ਸੀ | ਓਸ ਚਿੱਠੀ 'ਚ ਓਸ ਅਭਾਗੀ ਔਰਤ ਦਾ ਨਾਮ ਲਿਖ ਸਰਪੰਚ ਦੀ ਮੋਹਰ ਲਾ ਦਿੱਤੀ ਜਾਂਦੀ ਸੀ | ਤੇ ਫੇਰ ਇਹ ਚਿੱਠੀ ਓਸ ਔਰਤ ਦੇ ਹੱਥ ਵਿਚ ਫੜਾ ਦਿੱਤੀ ਜਾਂਦੀ ਤੇ ਫੇਰ ਓਸ ਨੂੰ ਇਕਲਿਆਂ ਹੀ ਟਾਂਗੇ ਤੇ ਬੈਠਾ ਵਿਦਾ ਕਰ ਦਿੱਤਾ ਜਾਂਦਾ |ਟਾਂਗੇ ਵਾਲਾ ਓਸ ਨੂੰ ਆਸ਼ਰਮ ਵੱਲ ਜਾਂਦੀ ਕੱਚੀ ਸੜਕ ਤਕ ਛਡ ਆਉਂਦਾ | ਤੇ ਜਿਵੇਂ ਸੁਣਿਆ ਹੈ ਉਥੇ ਜਾਣ ਦਾ ਰਸਤਾ ਹੈ ,ਪਰ ਉਥੋਂ ਆਉਣ ਦਾ ਨਹੀਂ |'ਤੇ ਬਸ ਫਿਰ ਓਹ ਔਰਤ ਸਦਾ ਲਈ ਪਿੰਡੋਂ ਤੁਰ ਜਾਂਦੀ ਤੇ ਕਦੇ ਵਾਪਸ ਨਹੀਂ ਸੀ ਆਉਂਦੀ |

ਹਾਂ ,ਤੇ ਮੈਂ ਦਸ ਰਹੀ ਸਾਂ ਓਸ ਦਿਨ ਦੀ ਗੱਲ ਜਿਸ ਦਿਨ ਸਭ ਰਿਸ਼ਤੇਦਾਰਾਂ ਨੇ ਮੇਰੀ ਨਨਾਣ ਮੰਨੋ ਦਾ ਕੋਈ ਫੈਸਲਾ ਕਰਨਾ ਸੀ | ਤੇ ਕਾਫੀ ਬਹਿਸ ਤੋਂ ਬਾਅਦ ਇਹ ਤਹਿ ਕੀਤਾ ਗਿਆ ਕਿ ਮੰਨੋ ਨੂੰ ਆਸ਼ਰਮ ਭੇਜਿਆ ਜਾਵੇਗਾ | ਏਸ ਫੈਸਲੇ ਤੋਂ ਸਾਡੇ ਪਸਿਓ ਕੋਈ ਵੀ ਸਹਿਮਤ ਨਹੀਂ ਸੀ ...ਨਾਂ ਮੇਰੀ ਸੱਸ ,ਨਾਂ ਮੇਰਾ ਸਹੁਰਾ ਤੇ ਨਾਂ ਹੀ ਮੇਰਾ ਘਰਵਾਲਾ | ਪਰ ਕੀ ਕੀਤਾ ਜਾ ਸਕਦਾ ਸੀ | ਸਭ ਦੇ ਸਲਾਹ ਮਸ਼ਵਰੇ ਨਾਲ ਹੀ ਚਲਣਾ ਪੈਣਾ ਸੀ | ਫੇਰ ਵੀ ਮੇਰੇ ਘਰਵਾਲੇ ਨੇ ਮੰਨੋ ਦੇ ਸਹੁਰਿਆਂ ਨੂੰ ਬਹੁਤ ਸਮਝਾਇਆ ਤੇ ਓਹਨਾਂ ਨੂੰ ਮੰਨੋ ਨੂੰ ਸਹੁਰੇ ਘਰ ਰੱਖ ਲੈਣ ਲਈ ਬਹੁਤ ਮਿੰਨਤਾਂ ਕੀਤੀਆਂ | ਪਰ ਓਹਨਾਂ ਵੱਲੋਂ ਕੋਈ ਨਾ ਮੰਨਿਆ ਤੇ ਓਹ ਕਹਿਣ ਲੱਗੇ -ਜਾਂ ਤਾਂ ਮੰਨੋ ਨੂੰ ਆਸ਼ਰਮ ਭੇਜ ਦਓ ...ਨਹੀਂ ਤਾਂ ਰੱਖੋ ਆਪਣੇ ਘਰ | ਤੇ ਓਹ ਵਚਾਰੀ ਮੰਨੋ ਭੈਣਜੀ ਨੂੰ ਏਥੇ ਹੀ ਛੱਡ ਗਏ |

ਅੱਜ ਘਰ ‘ਚ ਕੋਈ ਗਾਲੀ-ਗਲੋਚ ਨਹੀਂ ਸੀ ਹੋ ਰਹੀ | ਸਭ ਬਹੁਤ ਹੀ ਚੁੱਪ ਤੇ ਉਦਾਸ ਸਨ | ਨਾਂ ਸੱਸ ਨੇ ਰੋਟੀ ਖਾਦੀ ਤੇ ਨਾਂ ਸਹੁਰੇ ਨੇ | ਇਹ ਵੀ ਕਮਰੇ ‘ਚ ਜਾ ਸੋ ਗਏ | ਮੰਨੋ ਭੈਣਜੀ ਨੂੰ ਮੈਂ ਕਿਸੇ ਤਰਾਂ ਜਬਰਦਸਤੀ ਰੋਟੀ ਖਵਾਈ ਤੇ ਉਹਨਾਂ ਨੂੰ ਸੌਣ ਲਈ ਮੰਜੀ ਵਸ਼ਾ ਦਿੱਤੀ | ‘ਤੇ ਆਪ ਚੌਂਕੇ ‘ਚ ਭਾਂਡੇ ਧੋਣ ਚਲੀ ਗਈ | ਪਰ ਮੰਨੋ ਭੈਣਜੀ ਵੀ ਮੇਰੇ ਪਿੱਛੇ ਹੀ ਚੌਂਕੇ ‘ਚ ਆ ਗਈ ਤੇ ਮੇਰੇ ਨਾਲ ਕੰਮ ਕਰਾਉਣ ਲੱਗ ਗਈ | ਮੈਂ ਕਿਹਾ ਵੀ ‘ਰਹਿਣ ਦੋ ਭੈਣਜੀ ...ਤੁਸੀ ਜਾ ਕੇ ਆਰਾਮ ਕਰ ਲਓ |’ ਪਰ ਓਹ ਬਹੁਤ ਉਦਾਸ ਸੀ ਤੇ ਕਹਿਣ ਲੱਗੀ ‘ਹੁਣ ਸਾਡੇ ਕਾਹਦੇ ਆਰਾਮ |’ ਮੈਨੂੰ ਉਹਨਾਂ ਦੀ ਹਾਲਤ ਵੇਖ ਬਹੁਤ ਤਰਸ ਆ ਰਿਹਾ ਸੀ | ਪਰ ਉਸਨੂੰ ਜਿਵੇਂ ਮੇਰੀ ਹਾਲਤ ਤੇ ਮੇਰੇ ਤੋਂ ਵੀ ਜਿਆਦਾ ਤਰਸ ਆ ਰਿਹਾ ਹੋਵੇ ...ਤਾਂ ਹੀ ਤਾਂ ਉਹ ਕਹਿਣ ਲੱਗੀ ‘ਭਾਬੀ ,ਵੀਰਾ ਤੇਨੂੰ ਬਹੁਤ ਕੁੱਟਦਾ ਹੈ ਨਾ ...ਤੂੰ ਕੁਝ ਮਹੀਨੇ ਪਹਿਲਾਂ ਕਿੰਨੀ ਸੋਹਣੀ ਹੁੰਦੀ ਸੀ ...ਤੇ ਹੁਣ ਵੇਖ ਕੀ ਹਾਲ ਹੋ ਗਿਆ ਤੇਰਾ |’ ਮੈਂ ਕੁਝ ਨਾ ਬੋਲੀ |

ਪਹਿਲੀ ਵਾਰ ਇਸ ਘਰ ‘ਚ ਕਿਸੇ ਨੇ ਮੇਰੇ ਨਾਲ ਹਮਦਰਦੀ ਜਤਾਈ ਸੀ ਤੇ ਉਹ ਵੀ ਮੰਨੋ ਭੈਣਜੀ ਨੇ | ਤੇ ਪਹਿਲੀ ਵਾਰੀ ਮੈਨੂੰ ਕਿਸੇ ਨੇ ਭਾਬੀ ਕਹਿ ਬੁਲਾਇਆ ਸੀ | ਮੈਨੂੰ ਬਹੁਤ ਹੀ ਅਪਣਾਪਣ ਲੱਗਾ | ਇੰਝ ਲੱਗਾ ਜਿਵੇਂ ਮੈਨੂੰ ਇਸ ਘਰ ‘ਚ ਕੋਈ ਜਗਾ ਮਿਲ ਗਈ ਹੋਵੇ ਤੇ ਮੇਰਾ ਕੋਈ ਆਪਣਾ ਮੇਰੇ ਨਾਲ ਹੋਵੇ |

ਮੇਰੀਆਂ ਅੱਖਾਂ ਭਰ ਆਈਆਂ ਤੇ ਮੇਰਾ ਦਿਲ ਜਿਵੇਂ ਪਿਗਲ ਰਿਹਾ ਹੋਵੇ | ਮੰਨੋ ਭੈਣਜੀ ਕਿੰਨਾ ਬਦਲ ਗਏ ਹਨ | ਮੈਂ ਉਹਨਾਂ ਨੂੰ ਗੱਲ ਲਾਇਆ ਤੇ ਬਹੁਤ ਰੋਈ ...ਤੇ ਕਹਿਣ ਲੱਗੀ “ਮੰਨੋ ਭੈਣਜੀ ਤੁਹਾਡੇ ਨਾਲ ਇਹ ਸਭ ਬਹੁਤ ਹੀ ਮਾੜਾ ਹੋਇਆ |” ਤੇ ਓਹ ਕਹਿਣ ਲੱਗੀ “ਮੇਰੇ ਬੁਰੇ ਕਰਮ ,ਮੇਰੇ ਕਰਮਾਂ ਦੀ ਸਜਾ ਹੈ ਇਹ ਭਾਬੀ |” ਮੈਂ ਹੋਰ ਕੁਝ ਨਾ ਬੋਲੀ ਮੈਨੂੰ ਲੱਗਾ ਓਹ ਅੱਗੇ ਹੀ ਏਡੀ ਦੁਖੀ ਹੈ ਮੈਂ ਫੇਰ ਓਹੀ ਗੱਲਾਂ ਛੇੜ ਓਸਨੂੰ ਹੋਰ ਦੁਖ ਨਹੀਂ ਸੀ ਦੇਣਾ ਚਾਹੁੰਦੀ |ਤੇ ਮੈਂ ਓਸਨੂੰ ਕਿਹਾ “ ਜਾਓ ਭੈਣਜੀ , ਤੁਸੀਂ ਹੁਣ ਜਾ ਕੇ ਸੋ ਜਾਓ |”ਪਰ ਓਹ ਕਹਿਣ ਲੱਗੀ “...ਕੋਈ ਨੀ ਚੌਂਕਾ ਸੰਭਾਲਕੇ ਕੋਠੇ ਤੋਂ ਸੁੱਕੇ ਕਪੜੇ ਲੈ ਆਉਂਦੇ ਆਂ ,ਫੇਰ ਇਕੱਠੇ ਸੌਂਦੇ ਹਾਂ |”

ਵੈਸੇ ਕਿੱਡਾ ਵੱਡਾ ਹਾਦਸਾ ਹੋ ਗਿਆ ਨਿੱਕੀ ਜਹੀ ਉਮਰੇ ਮੰਨੋ ਭੈਣਜੀ ਨਾਲ | ਹੁਣ ਕੀ ਹੋਊ...ਰੱਬਾ ਉਸਦੇ ਸਹੁਰੇ ਉਸਨੂੰ ਰੱਖ ਲੈਣ ...ਸਾਡਾ ਸਾਕ ਬਣਿਆ ਰਹੇ | ਮੈਂ ਮਨ ਹੀ ਮਨ ਰੱਬ ਅੱਗੇ ਅਰਦਾਸਾਂ ਕਰਨ ਲੱਗੀ |

ਮੈਂ ਫੇਰ ਕਿਹਾ “ਨਹੀਂ ਭੈਣਜੀ ਮੈਂ ਕਪੜੇ ਲੈ ਆਉਂਦੀ ਆਂ ...ਤੁਸੀਂ ਆਰਾਮ ਕਰੋ |” ਓਸ ਦਿਨ ਦੀ ਮਾਰ ਤੋਂ ਬਾਅਦ ਕਪੜੇ ਮੈਂ ਹੇਠਾਂ ਹੀ ਸੁੱਕਣੇ ਪਾਉਣ ਲੱਗ ਗਈ ਸਾਂ | ਪਰ ਅੱਜ ਪ੍ਰਾਹੁਣਿਆ ਨੇ ਆਉਣਾ ਸੀ ਸੋ ਮੇਰੀ ਸੱਸ ਨੇ ਮੈਨੂੰ ਪਹਿਲੋਂ ਹੀ ਕਿਹਾ ਸੀ “ਅੱਜ ਕਪੜੇ ਕੋਠੇ ਤੇ ਸੁੱਕਣੇ ਪਾ ਕੇ ਆਈਂ | ਵਿਹੜੇ ‘ਚ ਪ੍ਰਾਹੁਣਿਆ ਨੇ ਬੈਠਣਾ ਹੈ |”

ਮੱਨੋ ਮੇਰੀ ਮਦਦ ਕਰਨ ਲਈ ,ਕਪੜੇ ਲਾਉਣ ਲਈ ...ਮੇਰੇ ਤੋਂ ਪਹਿਲੋਂ ਹੀ ਪੌੜੀਆਂ ਤੇ ਜਾ ਖੜ ਗਈ ਸੀ | 'ਤੇ ਜੱਦ ਅਸੀਂ ਕੋਠੇ ਤੇ ਪਹੁੰਚੀਆਂ ,ਨਾਲਦੇ ਕੋਠੇ 'ਤੋਂ ਭਿੰਦਾ ਝੱਟ ਹੀ ਬਨੇਰਾ ਟੱਪ ਸਾਡੇ ਵੱਲ ਆ ਗਿਆ | ਮੈਂ ਇਹ ਦੇਖ ਕੇ ਬਹੁਤ ਡਰ ਗਈ | ਪਰ ਮੱਨੋ ਭੱਜ ਕੇ ਉਹਦੇ ਕੋਲ ਚਲੀ ਗਈ 'ਤੇ ਬਨੇਰੇ ਉਹਲੇ ਲੁੱਕ ਹੱਥਾਂ 'ਚ ਹੱਥ ਪਾ ਗੱਲਾਂ ਕਰਨ ਲੱਗੀ | ਇਹ ਵੇਖ ਮੈਨੂੰ ਜਿਵੇਂ ਚੱਕਰ ਜਿਹਾ ਆ ਗਿਆ | ਮੈਨੂੰ ਕੁਝ ਵੀ ਸਮਝ ਨਹੀਂ ਆਈ | ਮੇਰੇ ਪੈਰਾਂ ਹੇਠੋਂ ਜਮੀਨ ਖਿਸਕ ਗਈ | ਮੈਂ ਦੰਗ ਤੇ ਹੱਕੀ –ਬੱਕੀ ਰਹਿ ਗਈ |

ਜਦੋਂ ਭਿੰਦਾ ਚਲੇ ਗਿਆ ਮੱਨੋ ਮੇਰੇ ਕੋਲ ਆਈ ਤੇ ਮੇਰੇ ਵੱਲ ਡਰਾਓਨੀਆਂ ਅੱਖਾਂ ਕੱਢ ਗੁੱਸੇ ਭਰੀ ਆਵਾਜ਼ 'ਚ ਕਹਿਣ ਲੱਗੀ -"ਖਬਰਦਾਰ ਜੇ ਇਹ ਗੱਲ ਕਿਸੇ ਨੂੰ ਦੱਸੀ | ਮੈਂ ਤੇਰਾ ਜੀਣਾ ਮੁਸ਼ਕਿਲ ਕਰ ਦਵਾਂਗੀ | ਤੈਨੂੰ ਮੇਰਾ ਪਤਾ ਹੀ ਹੈ ਫੇਰ ਮੈਂ ਕੀ ਕੀ ਕਰ ਸਕਦੀ ਹਾਂ |" ਇਹ ਧਮਕੀ ਦੇ ਕੇ ਓਹ ਥੱਲੇ ਚਲੀ ਗਈ |

ਤੇ ਮੈਂ ...ਮੈਂ ਹੈਰਾਨ ਪਰੇਸ਼ਾਨ ਆਪਣੇ ਕਮਰੇ 'ਚ ਚਲੀ ਗਈ | ਮੱਨੋ ਤੇ ਭਿੰਦਾ ...ਮੇਰਾ ਮਤਲਬ ਭਿੰਦਾ ਤੇ ਆਪਣੀ ਮੱਨੋ | ਇੰਝ ਨਹੀਂ ਹੋ ਸਕਦਾ ,ਇਹ ਮੇਰੇ ਮਨ ਦਾ ਵਹਿਮ ਤੇ ਅੱਖਾਂ ਦਾ ਧੋਖਾ ਹੈ | ਮੱਨੋ ਇੰਝ ਕਿਵੇਂ ਕਰ ਸਕਦੀ ਹੈ ,ਓਹ ਤਾਂ ਵਿਆਹੀ ਹੈ ...ਨਹੀਂ ਉਹ ਤਾਂ ਵਿਧਵਾ ਹੋ ਗਈ ਹੈ | ਮੈਨੂੰ ਬਹੁਤ ਹੀ ਰੋਣਾ ਆ ਰਿਹਾ ਸੀ | ਮੈਂ ਸਾਰੀ ਰਾਤ ਸੋਚਦੀ ਰਹੀ ਤੇ ਰੋਂਦੀ ਰਹੀ |ਪਰ ਮੈਨੂੰ ਪਤਾ ਸੀ ਮੈਂ ਇਹ ਗੱਲ ਕਦੀ ਕਿਸੇ ਨੂੰ ਨਹੀਂ ਸੀ ਦਸਣੀ – ਮੱਨੋ ਦੇ ਡਰ ਕਰਕੇ ਨਹੀਂ ,ਏਸ ਘਰ ਦੀ ਇਜ਼ੱਤ ਤੇ ਸ਼ਾਂਤੀ ਕਰਕੇ |

.....ਵੈਸੇ ਮੱਨੋ ਹੁਣ ਬਦਲ ਚੁੱਕੀ ਸੀ | ਹੁਣ ਓਹ ਮੇਰੇ ਤੋਂ ਪਹਿਲੋਂ ਤੜਕੇ ਉਠ ਜਾਂਦੀ ਤੇ ਸਭ ਲਈ ਚਾਹ ਧਰ ਦੇਂਦੀ | ਸਾਰਾ ਦਿਨ ਮੇਰੇ ਨਾਲ ਘਰ ਦੇ ਕੰਮ ਕਰਾਉਂਦੀ | ਮੇਰੇ ਨਾਲ ਪਿਆਰ ਨਾਲ ਬੋਲਦੀ | ਮੇਰਾ ਖਿਆਲ ਰੱਖਦੀ | ਤੇ ਫੇਰ ਓਹ ਉਸ ਰਾਤ ਕੀ ਹੋਇਆ ਸੀ ?

ਕੀ ਉਹ ਸੱਚੀ ਮੇਰਾ ਵਹਿਮ ਸੀ ? ਮੈਨੂੰ ਮੇਰੇ ਤੇ ਗੁੱਸਾ ਆ ਰਿਹਾ ਸੀ ਕਿਓਂਕਿ ਮੈਂ ਮੱਨੋ ਤੇ ਸ਼ੱਕ ਕਰ ਰਹੀ ਸੀ ਤੇ ਮੈਨੂੰ ਸਮਝ ਆ ਗਈ ਕਿ ਮੇਰਾ ਸ਼ੱਕ ਬਹੁਤ ਗੰਦਾ ,ਗਲਤ ਤੇ ਬੇਬੁਨਿਆਦ ਸੀ | ਜੇ ਦੋ ਜਾਣੇ ਆਪਸ ਵਿਚ ਗੱਲ ਕਰ ਲੈਣ ,ਆਪਣਾ ਦੁੱਖ ਵੰਡਾ ਰਹੇ ਹੋਣ ਤਾਂ ਇਸਦਾ ਮਤਲਬ ਇਹ ਤਾਂ ਨਹੀਂ ਕਿ ਓਹਨਾਂ ਵਿਚ ਕੋਈ ਗਲਤ ਰਿਸ਼ਤਾ ਹੈ | ਏਨੇ ਦਿਨਾ ਤੋਂ ਮੱਨੋ ਮੇਰੇ ਨਾਲ ਭੈਣਾਂ ਵਾਂਗ ਏਨੇ ਪਿਆਰ ਨਾਲ ਰਹਿ ਰਹੀ ਸੀ ...ਜੇ ਏਦਾਂ ਦੀ ਕੋਈ ਗੱਲ ਹੁੰਦੀ ਤਾਂ..... ਹੁਣ ਮੈਨੂੰ ਮੇਰੇ ਤੇ ਬਹੁਤ ਹੀ ਗੁੱਸਾ ਆ ਰਿਹਾ ਸੀ ....ਤੇ ਆਪਣੀ ਸੋਚ ਤੇ ਵੀ |

ਇਕ ਦਿਨ ਮੈਂ ਰੋਜ਼ ਦੀ ਤਰਾਂ ਘਰੋਂ ਬਾਹਰ ਕੂੜਾ ਸੁੱਟਣ ਲਈ ਜਦ ਬਾਹਰ ਨਿਕਲੀ ਤਾਂ ਓਸੇ ਸਮੇਂ ਭਿੰਦਾ ਘਰ ਦੇ ਬੂਹੇ ਅਗਿਓਂ ਲੰਗ ਰਿਹਾ ਸੀ | ਮੈਂ ਉਸਨੂੰ ਵੇਖ ਝੱਟ ਕੂੜਾ ਸੁੱਟ ਬੂਹਾ ਬੰਦ ਕਰ ਹੀ ਰਹੀ ਸੀ ਕੇ ਦੂਜੇ ਪਸਿਓਂ ਮੇਰਾ ਪਤੀ ਖੇਤਾਂ ਤੋਂ ਪਰਤ ਰਿਹਾ ਸੀ | ਉਸਨੇ ਪਹਿਲੋਂ ਮੈਨੂੰ ਵੇਖਿਆ ਫੇਰ ਭਿੰਦੇ ਨੂੰ ਤੇ ਓਸਨੇ ਸ਼ਾਇਦ ਕੁਝ ਗਲਤ ਸਮਝ ਲਿਆ |

ਫੇਰ ਕੀ ਸੀ ਹੁਣ ਮੇਰੀ ਖ਼ੈਰ ਨਹੀਂ ਸੀ | ਉਸਨੇ ਬੂਹੇ ਦੀ ਕੁੰਡੀ ਲਾਈ ਤੇ ਬਸ ਫੇਰ ਕੀ ਸੀ ...ਨਾਂ ਇਧਰ ਵੇਖਿਆ ਨਾ ਓਧਰ ...ਨਾ ਮੈਨੂੰ ਕੁਝ ਬੋਲਣ ਦਾ ਮੌਕਾ ਦਿੱਤਾ ...ਨਾ ਕੁਝ ਕਹਿਣ ਦਾ | ਤੇ ਓਸ ਨੇ ਮੈਨੂੰ ਕੁੱਟਣਾ ਸ਼ੁਰੂ ਕਰ ਦਿੱਤਾ ...ਤੇ ਕੁੱਟਦੇ ਮਾਰਦੇ ਨੇ ਐਸੀ ਜਗਾ ਲੱਤ ਮਾਰ ਦਿੱਤੀ ਕਿ...ਦੂਜਾ ਮਹੀਨਾਂ ਹਜੇ ਲਗਿਆ ਹੀ ਸੀ ਤੇ ਸਭ ਖਤਮ ਹੋ ਗਿਆ ...

ਮੈਨੂੰ ਕੁੱਟ ਪੈਂਦੀ ਨੂੰ ਵੇਖ ਮੇਰੀ ਸੱਸ ਦੌੜੀ ਦੌੜੀ ਮੈਨੂੰ ਬਚਾਉਣ ਲਈ ਆਈ ...ਤੇ ਕਹਿਣ ਲੱਗੀ "ਹੁਣ ਨਾਂ ਮਾਰਿਆ ਕਰ ਇਸਨੂੰ ,ਬੱਚਾ ਹੈ ਇਸਦੇ ਅੰਦਰ ...|" ਪਰ ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਸੀ | ਮੇਰੀ ਸਲਵਾਰ ਲਹੂ ਨਾਲ ਭਿੱਜ ਚੁੱਕੀ ਸੀ |

........ ਤੇ ਮੈਂ ਟੁੱਟ ਗਈ | ਟੁੱਟ ਗਈ ਮੈਂ |

ਮੈਂ ਵਿਆਹ ਤੋਂ ਬਾਅਦ ਬਹੁਤ ਕੁੱਟ ਖਾਦੀ ਤੇ ਕਦੀ ਸੀਅ ਨਹੀਂ ਸੀ ਕੀਤਾ | ਸੰਗ 'ਚ ਹੀ ਆਪਣੀ ਅਵਾਜ਼ ਦਬਾ ਲੈਂਦੀ ਰਹੀ | ਪਰ ਅੱਜ ਮੈਂ ਬਹੁਤ ਰੋਈ ਉੱਚੀ -ਉੱਚੀ ਰੋਈ | ਏਸ ਤੋਂ ਵੱਧ ਹੁਣ ਕੀ ਹੋ ਸਕਦਾ ਸੀ ਮੇਰੇ ਨਾਲ | ਮੇਰੀਆਂ ਚੀਖਾਂ ਨਿਕਲ ਰਹੀਆਂ ਸਨ | ਮੈਂ ਉੱਚੀ ਉੱਚੀ ਚੀਖਾਂ ਮਾਰ ਮਾਰ ਰੋਈ | ਮੈਂ ਕਿਉਂ ਏਨਾ ਰੋ ਰਹੀ ਸਾਂ .... ਆਪਣੇ ਸਰੀਰ 'ਤੇ ਵੱਜੀਆਂ ਸੱਟਾਂ ਦੀ ਪੀੜ ਕਰਕੇ,ਆਪਣੇ ਮਨ ਤੇ ਕੁੱਟ ਖਾ ਖਾ ਪੈ ਗਈਆਂ ਓ ਲਾਸਾਂ ਕਰਕੇ | ਜਾਂ ਫੇਰ ਮੇਰੇ ਬੱਚੇ ਦੀ ਜਨਮ ਤੋਂ ਪਹਿਲੋਂ ਹੋਈ ਮੌਤ ਕਰਕੇ | ਮੇਰੇ ਟੁੱਟ ਗਏ ਸਪਨਿਆਂ ਕਰਕੇ ,ਮਿਟ ਗਈਆਂ ਉਮੀਦਾਂ ਕਰਕੇ | ਪਤਾ ਨਹੀਂ ਕਾਦੇ ਵਾਸਤੇ ਪਰ ਮੈਂ ਰੱਜ ਕੇ ਰੋਈ | ਜਿਵੇਂ ਮੇਰਾ ਅੰਦਰ ਇਹ ਸਭ ਤਸੀਹੇ ਸਹਿ ਸਹਿ ਥੱਕ ਗਿਆ ਹੋਵੇ , ਭਰ ਗਿਆ ਹੋਵੇ ਤੇ ਮੇਰੀਆਂ ਅੱਖਾਂ 'ਚ ਹੜ ਬਣ ਵਹਿ ਰਿਹਾ ਹੋਵੇ | ਮੈਂ ਉਸ ਦਿਨ ਇਹ ਸੋਚਦੀ ਰਹੀ ਕਿ ਇਹ ਵਿਆਹ ਕਰਾ ਮੈਂ ਕੀ ਖੱਟਿਆ ?ਬਸ ਇਹ ਦੁਖ ,ਤਸੀਹੇ ,ਗਾਲਾਂ ,ਤਾਹਣੇ,ਮਿਹਣੇ , ਤਕਲੀਫਾਂ,ਪੀੜਾਂ ,ਜ਼ਿਲੱਤ ,ਬੇਇਜਤੀ ,ਇਹ ਮਾਰਾਂ,ਇਹ ਸੱਟਾਂ,ਇਹ ਜ਼ਖਮ,ਇਹ ਚੀਸਾਂ , ਇਹ ਲਾਸਾਂ, ਇਹ ਹੰਝੂ , ਇਹ ਰੋਣਾ , ਇਹ ਕਰਾਹਾਂ, ਇਹ ...

ਬਸ ... ਹੁਣ ਹੋਰ ਨਹੀਂ ,ਤੰਗ ਆ ਗਈ ਹਾਂ ਮੈਂ | ਮੈਂ ਉਸ ਘਰ ਤੋਂ, ਓਸ ਜਗਾ ਤੋਂ , ਓਸ ਬੰਦੇ ਤੋਂ ,ਓਸ ਪਰਿਵਾਰ ਤੋਂ ਪਤਾ ਨਹੀਂ ਕਿੱਥੇ ਭੱਜ ਜਾਣਾ ਚਾਹੁੰਦੀ ਸਾਂ | ਪਰ ਮੈਨੂੰ ਪਤਾ ਸੀ ...ਇਹ ਸਭ ਕਹਿਣ ਦੀਆਂ ਗੱਲਾਂ ਸਨ | ਨਾਂ ਤਾਂ ਮੈਂ ਕਿਤੇ ਜਾਣ ਜਾਂ ਭੱਜਣ ਵਾਲੀਆਂ 'ਚੋ ਸਾਂ | ਤੇ ਨਾਂ ਹੀ ਕੁਝ ਕਰਨ ਦਾ ਜਿਗਰਾ ਹੀ ਸੀ ਮੇਰੇ ਵਿਚ | ਬਸ ਸਹਿਣ ਵਾਲਿਆਂ 'ਚੋਂ ਸਾਂ | ਤੇ ਏਸੇ ਜੋਗੀ ਸਾਂ | ਜਿਸ ਘਰ ਡੋਲੀ ਜਾਂਦੀ ਹੈ ... ਓਸ ਘਰੋਂ ਫੇਰ ਅਰਥੀ ਹੀ ਚੁੱਕੀ ਜਾਂਦੀ ਹੈ | ਏਹੀ ਸੁਣਿਆ ਸੀ ਹਮੇਸ਼ਾਂ ਤੋਂ ਤੇ ਏਹੀ ਘਰਦਿਆਂ ਨੇ ਸਿਖਾਇਆ ਸੀ ਤੇ ਇਸ ਘਰ 'ਚ ਡੋਲੀ 'ਚ ਬੈਠਾ ਮੈਨੂੰ ਬਹੁਤ ਹੀ ਰੀਝਾਂ –ਚਾਵਾਂ ਨਾਲ ਤੋਰਿਆ ਸੀ |

ਮੈਨੂੰ ਅੱਜ ਵੀ ਯਾਦ ਆਉਂਦਾ ਹੈ ਜਿਸ ਦਿਨ ਮੇਰੇ ਲਈ ਇਹ ਰਿਸ਼ਤਾ ਆਇਆ ਸੀ ,ਓਸ ਦਿਨ ਮੇਰੇ ਬੀਜੀ ਭਾਪਾਜੀ ਦੇ ਚਹਿਰੇ ਜਿਵੇਂ ਖਿਲ ਗਏ ਸਨ | ਕਿੰਨੇ ਖੁਸ਼ ਹੋਏ ਸਨ ਓਹ ਤੇ ਕਿੰਨੀ ਖੁਸ਼ ਸਾਂ ਮੈਂ | ਸਭ ਇਹ ਸੋਚ ਕੇ ਖੁਸ਼ ਸਨ ਕਿ ਕਿੰਨਾ ਸੋਹਣਾ ਰਿਸ਼ਤਾ ਘਰ ਬੈਠੇ ਹੀ ਮਿਲ ਗਿਆ | ਉਪਰੋਂ ਚੰਗਾ ਪਰਿਵਾਰ , ਜ਼ਮੀਨ ਜਾਇਦਾਦ ,ਇਕੱਲਾ ਇਕੱਲਾ ਮੁੰਡਾ, ਸੋਹਣਾ ਸੁਣਖਾ – ਨਾਂ ਕੁਝ ਖਾਂਦਾ , ਨਾ ਪੀਂਦਾ , ਕੋਈ ਮਾੜੀ ਆਦਤ ਨਹੀਂ | ਇਹ ਕੋਈ ਕਿਉਂ ਨਹੀਂ ਪੁਛਦਾ ਵਚੋਲਿਆਂ ਤੋਂ ਭੀ ਮੁੰਡੇ ਦਾ ਸਭਾਅ ਕਿੰਝ ਦਾ ਹੈ ? ਇਹ ਕੋਈ ਕਿਉਂ ਨਹੀਂ ਪੁਛਦਾ ਭੀ ਮੁੰਡਾ ਕਿੰਨਾ ਕੁ ਕੁੜੀ ਨੂੰ ਕੁਟਿਆ ਕਰੂ ? ਰੋਜ਼ ਕੁੱਟ ਮਾਰ ਕਰਿਆ ਕਰੇਗਾ ਕਿ ਕਦੇ ਕਦੇ ? ਥੱਪੜ ਹੀ ਮਾਰਿਆ ਕਰੇਗਾ ਕਿ ਲੱਤਾਂ ਵੀ? ਇਹ ਕੋਈ ਕਿਉਂ ਨਹੀਂ ਪੁਛਦਾ ਭੀ ਸੱਸ ਤਾਹਣੇ –ਮਿਹਣੇ ਹੀ ਮਾਰੂ ਕੇ ਨਾਲ ਗਾਲਾਂ ਵੀ ਕੱਡਿਆ ਕਰੇਗੀ ? ਸਹੁਰਾ ਤਮਾਸ਼ਬੀਨ ਬਣ ਸਭ ਵੇਖਦਾ ਹੀ ਰਿਹਾ ਕਰੇਗਾ ਕੇ ਕੁਝ ਬੋਲੇਗਾ ਵੀ ? ਕਿਉਂ ਇਹ ਸਭ ਨਹੀਂ ਪੁਛਦਾ ਕੋਈ ?...ਕਾਸ਼ ...ਕਾਸ਼ ਕਿਤੇ ਮੇਰਾ ਘਰਵਾਲਾ ਸ਼ਰਾਬੀ ਹੁੰਦਾ ...ਉਹ ਜਦ ਮੈਨੂੰ ਕੁਟਦਾ ਤਾਂ ਮੈਂ ਸਾਰਾ ਕਸੂਰ ਸ਼ਰਾਬ ਦਾ ਕੱਡ ਦੇਂਦੀ | ਪਰ ਇਹ ਤਾਂ ਚੰਗਾ ਮੁੰਡਾ ਜੋ ਹੋਇਆ ....ਨਾਂ ਕੁਝ ਖਾਂਦਾ ਨਾਂ ਪੀਂਦਾ | ਹੁਣ ਤਾਂ ਹਾਸਾ ਹੀ ਆਉਂਦਾ ਹੈ ਇਹ ਸਭ ਸੋਚ ਕੇ ...

... ਮੇਰੇ ਨਾਲ ਏਨਾ ਸਭ ਕੁਝ ਹੋ ਜਾਣ ਤੋਂ ਬਾਅਦ ਫੇਰ ਮੈਂ ਇਕ ਕੋੜਾ ਕੁੱਟ ਭਰਿਆ ਤੇ ਅਗਲੇ ਦਿਨ ਫੇਰ ਸਵੇਰੇ ਉਠ ਕੇ ਹਰ ਰੋਜ਼ ਦੀ ਤਰਾਂ ਕੰਮ ਤੇ ਲੱਗ ਗਈ | ਜਿਵੇਂ ਬੀਤੇ ਦਿਨ ਕੁਝ ਹੋਇਆ ਹੀ ਨਾ ਹੋਵੇ ਤੇ ਜਿਵੇਂ ਮੇਰਾ ਬੱਚਾ ਮੇਰੇ ਅੰਦਰ ,ਮੇਰੇ ਨਾਲ ਹੀ ਹੋਵੇ |

ਚਲੋ ਮੇਰੇ ਨਾਲ ਜੋ ਹੁਣਾ ਸੀ ਉਹ ਹੋ ਹੀ ਰਿਹਾ ਸੀ | ਪਰ ਮੰਨੋ ਦਾ ਵੀ ਬਹੁਤ ਮਾੜਾ ਵਕਤ ਚੱਲ ਰਿਹਾ ਸੀ | ਓਹ ਆਸ਼ਰਮ ਜਾਣਾ ਨਹੀਂ ਸੀ ਚਾਹੁੰਦੀ ਤੇ ਉਸਦੇ ਸਹੁਰੇ ਉਸਨੂੰ ਰੱਖ ਕੇ ਰਾਜ਼ੀ ਨਹੀਂ ਸਨ | ਹੁਣ ਉਸਦਾ ਕੋਈ ਠਿਕਾਣਾ ਨਹੀਂ ਸੀ | ਵਚਾਰੀ ਮੇਰੀ ਨਨਾਣ...ਮੈਨੂੰ ਉਸਦੀ ਹਾਲਤ ਦੇਖ ਬਹੁਤ ਤਰਸ ਆਉਂਦਾ | ਓਹ ਵਚਾਰੀ ਸਭ ਅੱਗੇ ਗਿੜਗਿੜਾ ਰਹੀ ਸੀ ਕੇ ਉਸਨੂੰ ਆਸ਼ਰਮ ਨਾ ਭੇਜਿਆ ਜਾਵੇ ਘਰ ਦੇ ਕਿਸੇ ਕੋਨੇ 'ਚ ਨੌਕਰ ਬਣਾ ਰਖ ਲਿਆ ਜਾਵੇ | ਪਰ ਜਿਵੇਂ ਸਭ ਲਚਾਰ ਜਹੇ ਹੋ ਗਏ ਹੋਣ | ਹੁਣ ਉਸਦਾ ਆਸ਼ਰਮ ਜਾਣਾ ਲਗਭਗ ਤਹਿ ਸੀ | ਕੋਈ ਕੁਝ ਨਹੀਂ ਸੀ ਕਰ ਸਕਦਾ ਜਾਂ ਫੇਰ ਕੋਈ ਕੁਝ ਕਰਨਾ ਨਹੀਂ ਸੀ ਚਾਹੁੰਦਾ |

ਜਿਵੇਂ ਮੈਨੂੰ ਮੰਨੋ ਤੇ ਤਰਸ ਆ ਰਿਹਾ ਸੀ ...ਓਸੇ ਤਰਾਂ ਮੰਨੋ ਨੂੰ ਮੇਰੇ ਤੇ | ਉਸਨੂੰ ਇਸ ਗੱਲ ਦਾ ਬਹੁਤ ਅਵਸੋਸ ਸੀ ਕੇ ਮੈਂ ਆਪਣਾ ਬੱਚਾ ਗਵਾ ਦਿੱਤਾ ਹੈ | ਤੇ ਓਸ ਦਿਨ ਓਹ ਭਰੀਆਂ ਅੱਖਾਂ ਨਾਲ ਮੈਨੂੰ ਗਲੇ ਨਾਲ ਲਾ ਕਹਿਣ ਲੱਗੀ –" ਭਾਬੀ ਤੇਰੇ ਨਾਲ ਇਹ ਸਭ ਮੇਰੇ ਕਾਰਨ ਹੋਇਆ ਹੈ ਨਾ ,ਮੈਂ ਹੀ ਵੀਰੇ ਦੇ ਮਨ 'ਚ ਸ਼ੱਕ ਵਾਲਾ ਬੀਜ਼ ਬੋਇਆ ਸੀ ਨਾ | ਹੁਣ ਤੇਰੇ ਤੇ ਵੀਰੇ 'ਚ ਸ਼ੱਕ ਵਾਲਾ ਰਿਸ਼ਤਾ ਹੀ ਰਹਿ ਗਿਆ ਹੈ | ਏਸੇ ਕਰਕੇ ਓਸਨੇ ਤੇਨੂੰ ਏਨਾ ਮਾਰਿਆ ਕੇ ਆਪਣਾ ਬੱਚਾ ..." ਇਹ ਕਹਿੰਦੀ ਹੋਈ ਓਹ ਗੱਲ ਵਿੱਚੇ ਹੀ ਰੋਕਦੀ ਹੋਈ ਚੁੱਪ ਕਰ ਗਈ |

ਮੇਰੀ ਸੱਸ ਵੀ ਅੱਜ ਚੁੱਪ ਸੀ ...ਪਤਾ ਨਹੀਂ ਮੇਰੇ ਨਾਲ ਹੋਏ ਓਹ ਹਾਦਸੇ ਕਰਕੇ ਜਾਂ ਫੇਰ ਮੰਨੋ ਦੇ ਕਾਰਨ | ਪਰ ਅੱਜ ਘਰ 'ਚ ਸਭ ਚੁਪ ਸਨ | ਚੁਪ ਪਰ ਅਸ਼ਾਂਤ |

ਓਸ ਦਿਨ ਮੰਨੋ ਨੇ ਮੈਨੂੰ ਆਰਾਮ ਕਰਨ ਲਈ ਜਬਰਦਸਤੀ ਕਮਰੇ ਅੰਦਰ ਭੇਜ ਦਿੱਤਾ ਤੇ ਘਰ ਦਾ ਸਾਰਾ ਕੰਮ ਆਪ ਕਰਨ ਲੱਗ ਗਈ | ਦੁਖੀ ਤਾਂ ਅੱਜ ਆਪਾਂ ਦੋਵੇਂ ਹੀ ਸਾਂ | ਪਰ ਉਸਨੇ ਮੈਨੂੰ ਆਰਾਮ ਕਰਾਉਣਾ ਜਰੂਰੀ ਸਮਝਿਆ | ਮੈਂ ਉਸ ਵਿਚ ਆਏ ਇਸ ਪਰਿਵਰਤਨ ਨੂੰ ਵੇਖ ਹੈਰਾਨ ਵੀ ਸਾਂ ਤੇ ਖੁਸ਼ ਵੀ | ਇੰਝ ਲੱਗ ਰਿਹਾ ਸੀ ਜਿਵੇਂ ਮੈਨੂੰ ਇਕ ਭੈਣ ਮਿਲ ਗਈ ਹੋਵੇ ਜਿਸ ਨੂੰ ਮੈਂ ਹੁਣ ਕਦੀ ਵੀ ਖੋਣਾ ਨਹੀ ਸਾਂ ਚਾਹੁੰਦੀ | ਓਸ ਨੂੰ ਪੱਕਾ ਇਹ ਗੱਲ ਅੰਦਰ ਹੀ ਅੰਦਰ ਖਾਈ ਜਾਂਦੀ ਹੋਵੇਗੀ ਕੇ ਮੈਨੂੰ ਜਿਹੜੀ ਕੁੱਟ ਪਈ ਜਿਸ ਵਿਚ ਮੇਰਾ ਬਹੁਤ ਕੁਝ ਖੋ ਗਿਆ ਉਹ ਭਿੰਦੇ ਕਰਕੇ ਪਈ | ਓਸ ਲਈ ਓਹ ਆਪਣੇ ਆਪ ਨੂੰ ਕਿਤੇ ਨਾਂ ਕਿਤੇ ਕਸੂਰਵਾਰ ਠਹਿਰਾਉਂਦੀ ਹੋਵੇਗੀ | ਪਰ ਮੈਂ ਉਸਨੂੰ ਕਹਾਂਗੀ ਕਿ ਇਸ ਵਿਚ ਉਸਦਾ ਕੋਈ ਕਸੂਰ ਨਹੀਂ | ਇਹ ਤੇ ਮੇਰੇ ਕਰਮਾਂ ਦਾ ਕਸੂਰ ਹੈ |

...... ਹੁਣ ਮੈਂ ਤੇ ਮੰਨੋ ਸਹੇਲੀਆਂ ਵਾਂਗ ਇੱਕਠੇ ਕੰਮ ਕਰਦੀਆਂ | ਕਈ ਗੱਲਾਂ ਬਾਤਾਂ ਸਾਂਝੀਆ ਕਰਦੀਆਂ | ਹੁਣ ਓਹ ਬਹੁਤ ਬਦਲ ਚੁੱਕੀ ਸੀ , ਉਹ ਮੈਨੂੰ ਭਾਬੀ ਕਹਿੰਦੀ ਹੀ ਨਹੀਂ ਮੰਨਦੀ ਵੀ ਸੀ |

ਹੁਣ ਫੈਸਲਾ ਹੋਇਆ ਭੀ ਮੰਨੋ ਨੂੰ ਇਕ ਵਾਰ ਹੋਰ ਕੋਸਿਸ਼ ਕਰ ਆਪਣੇ ਸਹੁਰਿਆਂ ਨੂੰ ਪੁਛ ਲੈਣਾ ਚਾਹੀਦਾ ਹੈ ,ਹੋ ਸਕਦਾ ਹੈ ਕਿ ਉਹਨਾ ਦਾ ਦਿਲ ਪਿਗਲ ਜਾਵੇ ਤੇ ਓਹ ਉਸਨੂੰ ਰੱਖ ਲੈਣ | ਹੋ ਸਕਦਾ ਹੈ ਉਹਨਾ ਦਾ ਓਸ

ਬਿਨਾ ਸਰਦਾ ਨਾ ਹੋਵੇ | ਸੋ ,ਮੰਨੋ ਆਪਣੇ ਸਹੁਰੇ ਚਲੀ ਗਈ | ਤੇ ਉਸ ਦੇ ਜਾਣ ਤੋਂ ਬਾਅਦ ਮੈਂ ਰੱਬ ਅੱਗੇ ਅਰਦਾਸ ਕੀਤੀ ' ਹੇ ! ਰੱਬ ਸੱਚਿਆ ... ਮੰਨੋ ਦੇ ਸਹੁਰੇ ਉਸਨੂੰ ਰੱਖ ਲੈਣ |'

ਪਰ ਜਿਵੇਂ ਰੱਬ ਨੂੰ ਕੁਝ ਹੋਰ ਹੀ ਮਨਜ਼ੂਰ ਸੀ | ਅਗਲੇ ਦਿਨ ਤੜਕੇ ਹੀ ਮੰਨੋ ਜਿਵੇਂ ਗਈ ਸੀ ਓਵੇਂ ਹੀ ਆਪਣਾ ਸਭ ਸਮਾਨ ਲੈ ਕੇ ਵਾਪਿਸ ਆ ਗਈ | ਉਸਨੇ ਫੇਰ ਸਭ ਨੂੰ ਇਕੱਠਾ ਕਰਕੇ ਆਪਣਾ ਆਖਰੀ ਫ਼ੈਸਲਾ ਸੁਣਾ ਦਿੱਤਾ | ਉਸਨੇ ਸਭ ਨੂੰ ਇਹ ਦਸ ਦਿੱਤਾ ਕਿ ਉਸਦੇ ਸਹੁਰੇ ਉਸਨੂੰ ਨਹੀਂ ਰੱਖਣ ਵਾਲੇ ਤੇ ਉਸਨੂੰ ਆਸ਼ਰਮ ਜਾਣ ਵਿਚ ਹੀ ਸਭ ਦੀ ਭਲਾਈ ਲਗਦੀ ਹੈ | ਸੋ ਉਹ ਆਸ਼ਰਮ ਜਾਣ ਲਈ ਤਿਆਰ ਹੈ | ਹੁਣ ਇਹ ਇੱਕ ਤਰਾਂ ਪੱਕਾ ਹੋ ਚੁੱਕਾ ਸੀ ਕਿ ਮੰਨੋ ਦਾ ਆਸ਼ਰਮ ਜਾਣਾ ਤਹਿ ਹੈ | ਇਹ ਸੁਣ ਮੇਰੀ ਸੱਸ ਬਹੁਤ ਰੋਈ | ਬੱਚੇ ਤਾਂ ਮਾਂ –ਬਾਪ ਦੇ ਜਿਗਰ ਦੇ ਟੋਟੇ ਹੁੰਦੇ ਹਨ | ਕਿਵੇਂ ਜਿਉਂਦਿਆਂ ਨੂੰ ਹੀ ਮਾਰਿਆ ਮੰਨ ਉਹਨਾਂ ਨਾਲ ਰਿਸ਼ਤਾ ਤੋੜ ਲਿਆ ਜਾਵੇ ਤੇ ਆਪਣਾ ਘਰ ਹੁੰਦਿਆ ਹੋਇਆਂ ਵੀ ਉਹਨਾਂ ਨੂੰ ਆਸ਼ਰਮ ਭੇਜ ਦਿੱਤਾ ਜਾਵੇ | ਮੇਰੀ ਸੱਸ ਤਾ ਜਿਵੇਂ ਟੁੱਟ ਗਈ ਹੋਵੇ | ਤੇ ਅੱਜ ਮੇਰੇ ਸਹੁਰੇ ਦੀਆਂ ਅੱਖਾਂ ਵਿਚੋਂ ਵੀ ਹੰਝੂ ਕਿਰ ਰਹੇ ਸਨ | ਉਹ ਚਾਹ ਕੇ ਵੀ ਸਮਾਜਿਕ ਬੰਦਨਾ ਕਾਰਨ ਉਸਨੂੰ ਰੋਕ ਨਹੀ ਸਨ ਸਕਦੇ | ਜੋ ਰਿਵਾਜ਼ ਹੈ ਓਹ ਤਾਂ ਮੰਨਣਾ ਹੀ ਪੈਣਾ ਸੀ | ਤੇ ਹੁਣ ਤਾਂ ਲੋਕੀ ਜੀਣ ਨਹੀਂ ਸਨ ਦੇ ਰਹੇ | ਸਭ ਏ ਹੀ ਸਲਾਹ ਦੇ ਰਹੇ ਸਨ ਕੇ ਆਸ਼ਰਮ ਭੇਜਣ 'ਚ ਹੀ ਸਭ ਦੀ ਭਲਾਈ ਹੈ | ਇਕੱਲੀ ਵਿਦਵਾ ਨੂੰ ਨੋਚ ਨੋਚ ਖਾਣ ਵਾਲੇ ਭੇੜੀਏ ਕਦੇ ਉਸਨੂੰ ਜੀਣ ਨਹੀਂ ਦੇਣਗੇ | ਪਤਾ ਨਹੀਂ ਇਹ ਕਿਹੜਾ ਨਵਾਂ ਜਿਹਾ ਰਿਵਾਜ਼ ਇਸ ਇਲਾਕੇ 'ਚ ਬਣ ਚੁੱਕਿਆ ਸੀ ...ਜਿਸ ਦੀ ਚਪੇਟ 'ਚ ਸਿਰਫ ਆਪਾਂ ਔਰਤਾਂ ਹੀ ਆਈਆਂ |

ਉਸ ਦਿਨ ਮੈਂ ਆਪਣੇ ਘਰਵਾਲੇ ਦੇ ਚਹਿਰੇ ਤੇ ਇਕ ਅਜੀਬ ਜਹੀ ਉਦਾਸੀ ਵੇਖੀ | ਓਹ ਚੁਪ ਚਾਪ ਕੱਪੜੇ ਬਦਲ ਪੈਲੀ ਤੇ ਚਲਾ ਗਿਆ | ਕੰਮ ਕਰਨ ਦਾ ਅੱਜ ਕਿਸਦਾ ਮਨ ਹੋ ਸਕਦਾ ਸੀ | ਮੈਨੂੰ ਪਤਾ ਹੈ ... ਉਹ ਵੀ ਆਪਣਾ ਦੁੱਖ ਲੁਕਾਉਣ ਦੀ ਕੋਸਿਸ਼ ਕਰ ਰਿਹਾ ਸੀ | ਭਰਾਵਾਂ ਨੂੰ ਭੈਣਾ ਦੇ ਦੁੱਖ ਤਾਂ ਹੁੰਦੇ ਹੀ ਹਨ | ਬਚਪਨ ਤੋਂ ਇੱਕਠੇ ਰਹਿ ਰਹੇ ਭੈਣ ਭਰਾ ...ਇਕ ਦੂਜੇ ਦੀ ਜਾਨ ਹੁੰਦੇ ਹਨ ਤੇ ਇਕ ਦੂਜੇ ਲਈ ਜਾਨ ਵਾਰਨ ਨੂੰ ਵੀ ਤਿਆਰ ਹੁੰਦੇ ਹਨ ...ਪਰ ਜਿੰਦਗੀ ਕਦੇ ਕਦੇ ਇਨਸਾਨ ਨੂੰ ਬਹੁਤ ਮਜਬੂਰ ਕਰ ਦੇਂਦੀ ਹੈ |

ਸੋ ਉਹ ਪੈਲੀ ਤੋਂ ਜਲਦੀ ਹੀ ਆ ਗਿਆ | ਤੇ ਆ ਕੇ ਵਿਹੜੇ ਵਿਚ ਡੱਠੀ ਮੰਜੀ ਤੇ ਆ ਮੰਨੋ ਦੇ ਕੋਲ ਸਿਰ ਨੀਵਾਂ ਜਿਹਾ ਕਰਕੇ ਬੈਠ ਗਿਆ | ਮੈਂ ਵੀ ਚਾਹ ਬਣਾ ਉਹਨਾਂ ਲਾਗੇ ਚਲੀ ਗਈ | ਹਲੇ ਮੈਂ ਚਾਹ ਦੀਆਂ ਗਲਾਸੀਆਂ ਸਭ ਅੱਗੇ ਕਰ ਹੀ ਰਹੀ ਸਾਂ ਕਿ ਮੈਨੂੰ ਮਗਰੋਂ ਕਿਸੇ ਦੇ ਜੋਰ ਜੋਰ ਖੰਗਣ ਦੀ ਅਵਾਜ਼ ਆਈ | ਜਦ ਮੈਂ ਪਿੱਛੇ ਮੁੜ ਵੇਖਿਆ ਤਾਂ ਭਿੰਦਾ ਸਾਡੇ ਬਨੇਰੇ ਵੱਲ ਖੜਾ ਹੋ ਮੈਨੂੰ ਵੇਖ ਰਿਹਾ ਸੀ | ਮੈਂ ਬਹੁਤ ਡਰ ਗਈ | ਮੈਨੂੰ ਕੁਝ ਸਮਝ ਨਹੀਂ ਆਈ ...ਮੇਰੇ ਹੱਥੋਂ ਚਾਹ ਦੀ ਗਲਾਸੀ ਡਿੱਗ ਗਈ | ਮੈਂ ਡਰ ਨਾਲ ਕੰਬਣ ਲੱਗ ਗਈ | ਉਹ ਬੇਝਿਜਕ ਮੇਰੇ ਵੱਲ ਵੇਖ ਹੱਸ ਰਿਹਾ ਸੀ | ਮੇਰੇ ਘਰਵਾਲੇ ਨੇ ਉਸ ਵੱਲ ਘੂਰੀ ਵੀ ਵੱਟੀ ਪਰ ਉਹ ਜਿਵੇਂ ਮੇਰੇ ਘਰਵਾਲੇ ਨੂੰ ਲੜਾਈ ਲਈ ਉਕਸਾ ਰਿਹਾ ਹੋਵੇ | ਉਹ ਜਾਣਬੁਝ ਕੇ ਤੇ ਸ਼ਰੇਆਮ ਹੀ ਇਹ ਹਰਕਤ ਕਰ ਰਿਹਾ ਸੀ | ਪਿੰਡਾ ਦੇ ਵਿਚ ਤਾਂ ਇਹ ਸਭ ਹਰਕਤਾਂ ਕਰਕੇ ਕਈ ਵਾਰੀ ਗੱਲ ਲੜਾਈ ਤੇ ਕੁੱਟ ਮਾਰ ਤੋਂ ਵਦ ਕੇ ਇਕ ਦੂਜੇ ਨੂੰ ਜਾਣੋਂ ਮਾਰਨ ਤੱਕ ਵੀ ਪਹੁੰਚ ਜਾਂਦੀ ਹੈ | ਤੇ ਮੈਂ ਸਮਝ ਗਈ ਸੀ ਹੁਣ ਏਥੇ ਵੀ ਅੱਜ ਕੁਝ ਵੱਡਾ ਹੀ ਹੋਣ ਵਾਲਾ ਹੈ |

ਭਿੰਦਾ ਆਪਣੀਆਂ ਸਭ ਹੱਦਾਂ ਪਾਰ ਕਰ ਰਿਹਾ ਸੀ | ਇਹ ਵੇਖ ਮੇਰੇ ਘਰਵਾਲੇ ਦੀ ਜਗਾ ਹੋਰ ਕੋਈ ਵੀ ਹੁੰਦਾ ਤਾਂ ਗੱਸੇ 'ਚ ਆ ਜਾਂਦਾ | ਇਹ ਮੈਨੂੰ ਸਮਝ ਨਹੀਂ ਆਈ ਭੀ ਅੱਜ ਉਹ ਇਹ ਸਭ ਕਿਉ ਕਰਦਾ ਪਿਆ ਸੀ | ਪਰ ਮੇਰਾ ਦਿਲ ਡਰ ਰਿਹਾ ਸੀ ਤੇ ਸਰੀਰ ਕੰਬ ਰਿਹਾ ਸੀ | ਮੈਨੂੰ ਇਹ ਵੀ ਪਤਾ ਸੀ ਕਿ ਅੱਜ ਫੇਰ ਮੇਰੀ ਬਹੁਤ ਕੁੱਟ ਮਾਰ ਹੁਣੀ ਹੈ | ਚਲੋ ਮੇਰਾ ਜੋ ਹੁਣਾ ਸੀ ਓ ਤੇ ਹੁਣਾ ਹੀ ਸੀ | ਪਰ ਭਿੰਦੇ ਦੀ ਖੈਰ ਨੀ ਸੀ ਅੱਜ | ਤੇ ਮੈਂ ਵੀ ਚਾਹੁੰਦੀ ਸਾਂ ਕਿ ਉਸਨੂੰ ਇਕ ਵਾਰੀ ਚੰਗਾ ਸਬਕ ਸਿਖਾਇਆ ਜਾਵੇ ਤਾਂ ਜੋ ਅੱਜ ਤੋਂ ਬਾਅਦ ਉਹ ਕਦੇ ਕਿਸੇ ਦੀ ਧੀ – ਭੈਣ ਨੂੰ ਛੇੜਣ ਦੀ ਹਿੰਮਤ ਨਾ ਕਰੇ |

ਜਿਵੇਂ ਹੀ ਮੇਰਾ ਘਰਵਾਲਾ ਉਸਨੂੰ ਜਵਾਬ ਦੇਣ ਲਈ , ਲੜਨ ਲਈ ਉਠਿਆ ... ਮੈਂ ਕਮਰੇ ਅੰਦਰ ਭੱਜ ਗਈ ਤੇ ਅੰਦਰੋਂ ਕੁੰਡੀ ਲਾ ਬੈਠ ਗਈ | ਮੈਨੂੰ ਅੰਦਰ ਲੜਾਈ ਦੀ , ਗਾਲਾਂ ਦੀ ਆਵਾਜ਼ ਆ ਰਹੀ ਸੀ | ਬਹੁਤ ਤੂੰ -ਤੂੰ ਮੈਂ -ਮੈਂ ਹੋਈ ਸੀ | ਮੈਨੂੰ ਬਾਕੀਆਂ ਸਾਰਿਆਂ ਦੀਆਂ ਵੀ ਅਵਾਜਾਂ ਆ ਰਹੀਆਂ ਸਨ ਜੋ ਜਿਵੇਂ ਮੇਰੇ ਘਰਵਾਲੇ ਨੂੰ ਲੜਣ ਤੋਂ ਤੇ ਗੱਲ ਨੂੰ ਵੱਦਣੋ ਰੋਕ ਰਹੇ ਹੋਣ | ਥੋੜੀ ਦੇਰ ਬਾਅਦ ਬਾਹਰੋਂ ਆ ਰਹੀਆਂ ਸਭ ਅਵਾਜਾਂ ਇਕੋ ਦਮ ਬੰਦ ਹੋ ਗਈਆਂ |ਹੁਣ ਮੈਨੂੰ ਸਿਰਫ ਮੇਰੇ ਡਰਦੇ ਦਿਲ ਦੀ ਧਕ ਧਕ ਸੁਣ ਰਹੀ ਸੀ | ਮੈਨੂੰ ਪਤਾ ਸੀ ਹੁਣ ਮੈਨੂੰ ਵੀ ਕੁੱਟ ਪਏਗੀ | ਕਸੂਰ ਮੇਰਾ ਮੈਨੂੰ ਪਤਾ ਨਹੀਂ | ਪਰ ਇਹ ਤਾਂ ਇਸ ਸਮਾਜ ਦੀ ਰੀਤ ਹੈ ਜੇ ਕੋਈ ਮੁੰਡਾ ਕਿਸੇ ਕੁੜੀ ਨੂੰ ਕੁਝ ਕਹੇ ਤਾਂ ਵੀ ਕਸੂਰ ਏਥੇ ਕੁੜੀ ਦਾ ਹੀ ਕੱਢਿਆ ਜਾਂਦਾ ਹੈ | ਚਲੋ ਕੋਈ ਨੀ , ਮੈਂ ਕੁੱਟ ਖਾਣ ਨੂੰ ਤਿਆਰ ਹੋ ਗਈ | ਹੁਣ ਤਾਂ ਮੇਰੇ ਅੰਦਰ ਕੁਝ ਗਵਾਉਣ ਵਾਲਾ ਵੀ ਨਹੀਂ ...ਫੇਰ ਕੁੱਟ ਮਾਰ ਤੋਂ ਕਾਦਾ ਡਰਨਾ | ਤੇ ਫੇਰ ....ਤੇ ਫੇਰ ਬਾਹਰੋਂ ਬੂਹੇ ਦਾ ਕੁੰਡਾ ਖੜਕਿਆ |

ਮੈਂ ਡਰਦੀ ਨੇ ਜੱਦ ਕੰਬਦੇ ਹੱਥਾਂ ਨਾਲ ਕੁੰਡਾ ਖੋਲਿਆ ਤਾਂ ਅੱਗੇ ਮੇਰਾ ਘਰਵਾਲਾ ਨਹੀਂ ਸਗੋਂ ਮੰਨੋ ਸੀ ਤੇ ਉਹ ਵੀ ਬਹੁਤ ਹੀ ਘਬਰਾਈ ਹੋਈ | ਤੇ ਉਹ ਕਹਿਣ ਲੱਗੀ " ਭਾਬੀ ਜੇ ਤੂੰ ਅੱਜ ਵੀਰੇ ਦੇ ਹੱਥੋਂ ਬਚਣਾ ਹੈ ਤਾਂ ਮੇਰੀ ਇਕ ਗੱਲ ਧਿਆਨ ਨਾਲ ਸੁਣ |ਤੇ ਜਿਵੇਂ ਮੈਂ ਕਹਿੰਦੀ ਹਾਂ ਜਲਦੀ ਜਲਦੀ ਉਵੇਂ ਹੀ ਕਰ | ਵੀਰਾ ਬਹੁਤ ਹੀ ਗੁੱਸੇ 'ਚ ਹੈ ਤੇ ਉਸਦੇ ਹੱਥ 'ਚ ਦਾਤ ਹੈ | ਉਹ ਭਿੰਦੇ ਪਿੱਛੇ ਗਿਆ ਹੈ ...ਗੱਲ ਬਹੁਤ ਵੱਦ ਚੁੱਕੀ ਹੈ | ਹੁਣ ਉਹ ਤੈਨੂੰ ਵੀ ਮਾਰ ਦਏਗਾ |"

ਮੈਂ ਕਿਹਾ " ਪਰ ਮੰਨੋ ਭੈਣ ਮੈਂ ਤਾਂ ਕੁਝ ਕੀਤਾ ਹੀ ਨਹੀਂ | ਤੁਹਾਨੂੰ ਤਾਂ ਸਭ ਪਤਾ ਹੈ ਨਾ ...ਇਹ ਬੇਬੁਨਿਆਦ ਸ਼ੱਕ ..."

ਮੇਰੀ ਗੱਲ ਮੂੰਹ 'ਚ ਹੀ ਰਹਿ ਗਈ ਤੇ ਉਹ ਕਹਿਣ ਲੱਗੀ "ਹੁਣ ਕੋਈ ਕੁਝ ਨਹੀਂ ਕਰ ਸਕਦਾ ...ਵੀਰਾ ਬਹੁਤ ਗੁੱਸੇ 'ਚ ਹੈ ...ਹੁਣ ਉਹ ਸ਼ਾਂਤ ਨਹੀਂ ਹੋਣ ਵਾਲਾ ...ਮੈਨੂੰ ਪਤਾ ਹੈ ...ਮੈਂ ਉਸਨੂੰ ਬਚਪਨ ਤੋਂ ਵੇਖਿਆ ਹੈ ...ਮੈਨੂੰ ਉਸਦੇ ਗੁੱਸੇ ਦਾ ਪਤਾ ਹੈ |"

ਡਰੀ ਤਾਂ ਮੈਂ ਪਹਿਲਾਂ ਤੋਂ ਹੀ ਸਾਂ | ਮੈਂ ਇਹ ਸੁਣ ਹੋਰ ਘਬਰਾ ਗਈ ਤੇ ਤਰੇਲਿਓ ਤਰੇਲੀ ਹੋ ਗਈ | ਮੰਨੋ ਕਹਿਣ ਲੱਗੀ " ਭਾਬੀ ...ਇਹ ਤੇਰੇ ਕੋਲ ਇੱਕੋ ਇੱਕ ਤੇ ਆਖਰੀ ਮੌਕਾ ਹੈ ...ਜਾ ਭੱਜ ਜਾ |"

"ਭੱਜ ਜਾ ...ਪਰ ਕਿੱਥੇ ਮੰਨੋ ...ਤੇ ਮੈਂ ਕਿਉਂ ਭੱਜ ਜਾਵਾਂ |" ਮੈਂ ਕਿਹਾ |

"ਲੋਕ ਕੀ ਕਹਿਣਗੇ ?" ਮੈਂ ਬੋਲਿਆ |

ਤੇ ਉਹ ਕਹਿਣ ਲੱਗੀ " ਇਹ ਟਾਈਮ ਲੋਕਾਂ ਦੇ ਬਾਰੇ ਸੋਚਣ ਦਾ ਨਹੀਂ ਹੈ | ਕਦੇ ਕਦੇ ਆਪਣੇ ਬਾਰੇ ਵੀ ਸੋਚ ਲੈਣਾ ਚਾਹੀਦਾ ਹੈ | ਤੇ ਨਾਲੇ ਬੀਬੀ ਵੀ ਏਹੋ ਹੀ ਚਾਹੁੰਦੀ ਹੈ |"

ਮੈਂ ਹੈਰਾਨੀ ਨਾਲ ਕਿਹਾ " ਬੀਬੀ ਵੀ !"

ਤੇ ਉਹ ਕਹਿਣ ਲੱਗੀ "ਮੈਂ ਏਥੇ ਹੀ ਕਮਰੇ ਦੇ ਬਾਹਰ ਖੜੀ ਹਾਂ ਤੇ ਵੇਖਦੀ ਹਾਂ ਕੇ ਕਿਤੇ ਵੀਰਾ ਤੇ ਨਹੀਂ ਆਉਂਦਾ ਪਿਆ | ਤੂੰ ਫਟਾਫਟ ਆਪਣਾ ਇਕ ਸੰਦੂਕ ਤੇ ਇਕ ਗਠੜੀ ਤਿਆਰ ਕਰ ਲੈ | ਆ ਆਪਣੀਆਂ ਟੂੰਬਾਂ ਸਾਰੀਆਂ ਲਾਹ ਕੇ ਸੰਦੂਕ ਵਿਚ ਧਰ ਦੇ |"

ਮੈਂ ਉਸ ਹਫੜਾ-ਦਫੜੀ 'ਚ ਬਿਨਾ ਕੁਝ ਸੋਚੇ ਸਮਝੇ ਓਵੇਂ ਹੀ ਕਰਦੀ ਗਈ ਜਿਵੇਂ ਮੇਰੀ ਨਨਾਣ ਮੈਨੂੰ ਕਹਿੰਦੀ ਗਈ |

ਮੈਂ ਫੇਰ ਵੀ ਸੰਦੂਕ ਤਿਆਰ ਕਰਦਿਆਂ ਉਸਨੂੰ ਪੁਛਿਆ " ...ਪਰ ਮੰਨੋ ਆਪਾਂ ਚੱਲੇ ਕਿੱਥੇ ਹਾਂ |"

ਉਹ ਅੰਦਰ ਆਈ ਤੇ ਮੈਨੂੰ ਕਹਿਣ ਲੱਗੀ " ਦੇਖ ਭਾਬੀ ...ਇਹ ਸਮਾਂ ਸਵਾਲ ਜਵਾਬ ਕਰਨ ਦਾ ਤਾਂ ਹੈ ਨਹੀਂ | ਇਹ ਸਮਾਂ ਸਮਝਦਾਰੀ ਨਾਲ ਕੰਮ ਲੈਣ ਦਾ ਹੈ | ਰੱਬ ਨਾਂ ਕਰੇ ਵੀਰੇ ਕੋਲੋਂ ਗੁੱਸੇ 'ਚ ਕੋਈ ਵੱਡਾ ਕਾਰਾ ਹੋ ਜਾਵੇ ਤੇ ਫੇਰ ਸਾਰੀ ਉਮਰ ਉਸਨੂੰ ਜੇਲ ਦੀ ਚੱਕੀ ਪਿਹਣੀ ਪਵੇ | ਫੇਰ ਆਪਾਂ ਕੁਝ ਨਹੀਂ ਕਰ ਸਕਣਾ | ਜਦੋਂ ਵੀਰੇ ਦਾ ਗੁੱਸਾ ਠੰਡਾ ਹੋ ਜਾਊ ਫੇਰ ਮੈਂ ਤੈਨੂੰ ਲੈ ਆਵਾਂਗੀ | ਮੇਰੇ ਤੇ ਵਿਸ਼ਵਾਸ ਹੈਗਾ ਹੈ ਨਾਂ ਤੈਨੂੰ |"

ਫੇਰ ਉਹ ਮੇਰੀ ਮਦਦ ਕਰਦੀ ਹੋਈ ਮੇਰੀਆਂ ਵਾਲੀਆਂ ਲਾਉਣ ਲੱਗੀ | ਉਸਨੇ ਮੇਰੀਆਂ ਵਾਲੀਆਂ , ਮੇਰੀਆਂ ਵੰਗਾ ,ਮੇਰੀਆਂ ਝਾਂਜਰਾਂ ਸਭ ਸੰਦੂਕ ਵਿਚ ਰੱਖ ਦਿੱਤੀਆਂ | ਤੇ ਉਹ ਕਹਿਣ ਲੱਗੀ ... "ਹੁਣ ਚੁਪ –ਚਾਪ ਦੱਬੇ ਪੈਰੀ ਮੇਰੇ ਮਗਰੇ ਮਗਰੇ ਤੁਰੀ ਆ |"

ਮੈਂ ਉਸਨੂੰ ਕਿਹਾ "ਇਕ ਵਾਰੀ ਬੀਬੀ ਨੂੰ ਤੇ ਮਿਲ ਲਵਾਂ ..."

ਤੇ ਉਹ ਕਹਿਣ ਲੱਗੀ .... "ਬੀਬੀ ਨੂੰ ਮੈਂ ਦਸ ਦਵਾਂਗੀ |"

ਤੇ ਫੇਰ ਉਹ ਮੈਨੂੰ ਪਿੰਡ ਦੇ ਕੱਚੇ ਰਸਤਿਓਂ ਬਾਹਰ ਵਾਰ ਵੱਡੀ ਸੜਕ ਤੇ ਲੈ ਗਈ | ਉਥੇ ਜਾ ਉਹ ਮੈਨੂੰ ਕਹਿਣ ਲੱਗੀ –" ਆ ਆਪਣਾ ਸੰਦੂਕ ਮੈਨੂੰ ਦੇ ਦੇ | ਤੇ ਤੂੰ ਆ ਗਠੜੀ ਫੜ | ਤੇ ਨਾਲੇ ਇਹ ਚਿੱਠੀ |"

"ਚਿੱਠੀ.."

"ਕਾਦੀ ਚਿੱਠੀ ...ਕਾਦੇ ਲਈ ਚਿੱਠੀ" ਮੈਂ ਪੁਛਿਆ |

"ਜਿਆਦਾ ਸਵਾਲ ਨਾ ਪੁਛ ...ਇਹ ਸਮਝ ਲੈ ਕਿ ਇਹ ਤੇਰੀ ਆਜ਼ਾਦੀ ਦੀ ਚਿੱਠੀ ਹੈ |"

ਮੈਂ ਹੈਰਾਨੀ ਨਾਲ ਕਿਹਾ "...ਆਜ਼ਾਦੀ ਦੀ ਚਿੱਠੀ |"

ਮੈਨੂੰ ਫੇਰ ਕੁਝ ਸਮਝ ਜਹੀ ਨਹੀਂ ਆਈ | ਤੇ ਮੈਨੂੰ ਸਮਝਾਉਂਦੀ ਹੋਈ ਉਹ ਕਹਿਣ ਲੱਗੀ ... " ਦੇਖ ਭਾਬੀ ਤੂੰ ਏਥੇ ਬਹੁਤ ਕੁਝ ਸਹਿਆ ਹੈ | ਤੇ ਕਿਤੇ ਨਾਂ ਕਿਤੇ ਮੈਂ ਇਸ ਸਭ ਦੀ ਕਸੂਰਵਾਰ ਖੁਦ ਆਪਣੇ ਆਪ ਨੂੰ ਸਮਝਦੀ ਹਾਂ | ਅੱਜ ਮੈਨੂੰ ਤੇਰੇ ਲਈ ਕੁਝ ਕਰਨ ਦਾ ਮੌਕਾ ਮਿਲਿਆ ਹੈ | ਤੇ ਮੈਂ ਤੇਰੇ ਕੋਲੋਂ ਮੁਆਫੀ ਮੰਗਦੀ ਹੋਈ ਤੈਨੂੰ ਆਜ਼ਾਦ ਕਰਨਾ ਚਾਹੁੰਦੀ ਹਾਂ |"

" ਆ ਚਿੱਠੀ ਆਸ਼ਰਮ ਦੇ ਨਾਮ ਮੇਰੇ ਪਿੰਡ ਦੇ ਸਰਪੰਚ ਨੇ ਮੈਨੂੰ ਦਿੱਤੀ ਸੀ | ਪਰ ਮੈਂ ਆਸ਼ਰਮ ਨਾ ਜਾ ਕੇ ਘਰਦਿਆਂ ਨੂੰ ਤੇ ਖਾਸ ਕਰ ਤੈਨੂੰ ਮਿਲਣ ਘਰ ਆ ਗਈ | ਤੇ ਸੱਬਬ ਵੇਖ ਕੇਹੋ ਜਿਹਾ ਬਣਿਆ ...ਤੇਰਾ ਨਾਮ ਸਨਦੀਪ ਤੇ ਮੇਰਾ ਮਨਦੀਪ ...ਮੈਂ ਮੱਮੇ ਉੱਤੇ ਲਕੀਰ ਖਿਚ ਉਸਨੂੰ ਸੱਸਾ ਬਣਾ ਦਿੱਤਾ ਹੈ | ਕਿਸੇ ਨੂੰ ਕੁਝ ਪਤਾ ਨਹੀਂ ਲੱਗੇਗਾ | ਮੈਂ ਏਥੇ ਵੀ ਸਭ ਸੰਭਾਲ ਲਵਾਂਗੀ | ਉਹ ਵੇਖ ਉਧਰੋਂ ਇਕ ਟਾਂਗਾ ਆ ਰਿਹਾ ਹੈ | ਤੂੰ ਕੁੰਡ ਕਢ ਲੈ ਤੇ ਆ ਚਿੱਠੀ ਫੜ ਲੈ | ਗਠੜੀ ਵਾਲਾ ਸਮਾਨ ਤੂੰ ਲੈ ਜਾ ...ਮੈਂ ਤੇਰਾ ਸੰਦੂਕ ਲੈ ਆਵਾਂਗੀ | ਤੂੰ ਕੁਝ ਨਾਂ ਬੋਲੀ...ਮੈਂ ਆਪੇ ਟਾਂਗੇ ਵਾਲੇ ਨੂੰ ਕਹਿ ਦਵਾਂਗੀ ਭੀ ਤੈਨੂੰ ਵਿਦਵਾ ਆਸ਼ਰਮ ਛੱਡ ਦੇਵੇ |"

ਉਦਰੋਂ ਟਾਂਗਾ ਹੋਰ ਕੋਲ ਆਉਂਦਾ ਗਿਆ ਤੇ ਮੈਨੂੰ ਇਕ ਪਾਸੇ ਆਪਣੀ ਅਜ਼ਾਦੀ ਦਿਸਦੀ ਪਈ ਸੀ ਤੇ ਇਕ ਪਾਸੇ ....| ਉਸ ਹਲਾਤ 'ਚ ਮੈਨੂੰ ਕੁਝ ਨਹੀਂ ਸੁਝ ਰਿਹਾ ਸੀ | ਤੇ ਜਿਵੇਂ ਹੀ ਟਾਂਗਾ ਆ ਮੇਰੇ ਅੱਗੇ ਰੁਕਿਆ , ਮੈਂ ਉਸ ਉੱਤੇ ਬੈਠ ਗਈ | ਮੰਨੋ ਮੈਨੂੰ ਤੋਰਦਿਆਂ ਹੋਇਆਂ ਕਹਿਣ ਲੱਗੀ " ਭਾਬੀ ...ਪਿੱਛੇ ਦੀ ਫਿਕਰ ਨਾਂ ਕਰੀਂ ...ਮੈਂ ਏਥੇ ਸਭ ਨੂੰ ਸਮਝਾ ਦਵਾਂਗੀ ਤੇ .... ਥੋੜੇ ਦਿਨਾਂ ਤਾਈ ਮੈਂ ਵੀ ਆ ਜਾਣਾ ਹੈ ਤੇਰੇ ਕੋਲ...ਫੇਰ ਇੱਕਠੀਆਂ ਰਵਾਂਗੀਆਂ ਤੇ ਜੇ ਮੈਂ ਨਾਂ ਆਈ ਤੇ ਤੂੰ ਸਮਝ ਜਾਵੀਂ ਕਿ ਮੈਨੂੰ ਸਹੁਰਿਆਂ ਰੱਖ ਲਿਆ ਹੈ | ਬੀਬੀ ਕਹਿੰਦੀ ਸੀ ਕਿ ਇਕ ਵਾਰੀ ਹੋਰ ਉਹਨਾਂ ਨਾਲ ਗੱਲ ਕਰੇਗੀ | ਵੇਖੋ ਮੇਰੀ ਕਿਸਮਤ ਦਾ ਫੇਰ ਕੀ ਬਣਦਾ ਹੈ | ਪਰ ਫੇਰ ਮੈਂ ਤੇਰਾ ਸੰਦੂਕ ਆਸ਼ਰਮ ਭੇਜ ਦਵਾਂਗੀ |" ਇਹ ਕਹਿੰਦੀ ਹੋਈ ਉਸਨੇ ਟਾਂਗੇ ਵਾਲੇ ਨੂੰ ਇਸ਼ਾਰਾ ਕੀਤਾ ਤੇ ਟਾਂਗਾ ਤੁਰ ਪਿਆ | ਜਿਵੇਂ ਕਿਸੇ ਖੁੱਲੇ ਆਸਮਾਨ ਵੱਲ |

*******************************************************

ਬਸ ...ਫੇਰ ਕੀ ਸੀ ਮੈਂ ਏਥੇ ਆ ਗਈ ਤੇ ਏਥੇ ਦੀ ਹੀ ਹੋ ਗਈ |
"ਬਿੱਲੋ... ਏ ਹੀ ਹੈ ਮੇਰੇ ਏਥੇ ਪਹੁੰਚਣ ਦਾ ਸੱਚ |"

ਦਰਅਸਲ ਸਨਦੀਪ ਨੂੰ ਅੱਜ ਕਿਉ ਲੋੜ ਪੈ ਗਈ ਸੀ ਬਿੱਲੋ ਨੂੰ ਇਹ ਆਪਣੀ ਕਹਾਣੀ ਸੁਣਾਉਣ ਦੀ ?? ਉਹ ਇਸ ਲਈ ਕਿਉਂਕਿ ਅੱਜ ਜਦੋਂ ਬਿੱਲੋ ਆਸ਼ਰਮ ਵਿਚ ਆਈ ਤਾਂ ਉਹ ਸਨਦੀਪ ਨੂੰ ਵੇਖ ਬਹੁਤ ਹੀ ਹੈਰਾਨ ਹੋਈ ਤੇ ਉਹ ਸਨਦੀਪ ਨੂੰ ਪਹਿਚਾਣ ਕੇ ਉਸਨੂੰ ਪੁਛਣ ਲੱਗੀ ... "ਤੂੰ ਤੇ ਸਨਦੀਪ ਏ ਨਾਂ ... ਦੌਲਤਪੁਰ ਤੋਂ |"

ਸਨਦੀਪ ਨੇ ਕਿਹਾ " ਹਾਂਜੀ ...ਮੈਂ ਸਨਦੀਪ ਹਾਂ |"

ਤੇ ਬਿੱਲੋ ਨੇ ਕਿਹਾ " ਮੈਂ ਬਿੱਲੋ ਦੌਲਤਪੁਰੋਂ...|"

ਤੇ ਬਿੱਲੋ ਸਨਦੀਪ ਨੂੰ ਕਹਿਣ ਲੱਗੀ " ਤੂੰ ਚੰਗੀ ਨਹੀਂ ਕੀਤੀ ਸਨਦੀਪ ... ਤੂੰ ਆਪਣੇ ਮਾਪਿਆਂ ਤੇ ਸਹੁਰਿਆਂ ਦੋਹਾਂ ਦੀ ਚੰਗੀ ਮਿੱਟੀ ਪਲੀਤ ਕੀਤੀ | ਪਿੰਡ 'ਚ ਉਹਨਾ ਦੀ ਥੂ- ਥੂ ਹੋ ਗਈ | ਵਿਆਹ ਤੋਂ ਪਹਿਲੋਂ ਤਾਂ ਕਈ ਖਬਰਾਂ ਸੁਣੀਆਂ ਸੀ ਪਰ ਇਕ ਵਿਆਹੀ ਔਰਤ ਆਪਣੇ ਹੀ ਸਹੁਰੇ ਪਿੰਡ ਦੇ ਇਕ ਮੁੰਡੇ ਨਾਲ ਭੱਜ ਜਾਵੇ ... ਇਹ ਨਹੀਂ ਸੀ ਸੁਣਿਆ | ਤੈਨੂੰ ਇੰਝ ਕਰਦਿਆਂ ਸ਼ਰਮ ਨਹੀਂ ਆਈ | ਭਿੰਦੇ ਵਰਗੇ ਗੰਦੇ ਬੰਦੇ ਨਾਲ ਭੱਜਣ ਲਈ ਤੂੰ ਆਪਣੇ ਰੱਬ ਵਰਗੇ ਬੰਦੇ ਨੂੰ ਧੋਖਾ ਦੇ ਦਿੱਤਾ |ਤੂੰ ਪਾਪ ਕੀਤਾ ਹੈ ਪਾਪ |"

ਤੇ ਇਹ ਸੁਣਨ ਤੋਂ ਬਾਅਦ ਸਾਲਾਂ ਬਾਅਦ ਸਨਦੀਪ ਨੂੰ ਆਪਣੇ ਨਾਲ ਹੋਏ ਧੋਖੇ ਦਾ ਪਤਾ ਚੱਲਿਆ ਸੀ | ਤੇ ਉਸਨੇ ਜੱਦ ਆਪਣਾ ਨਾਮ ਫੇਰ ਭਿੰਦੇ ਦੇ ਨਾਮ ਨਾਲ ਜੁੜਿਆ ਸੁਣਿਆ ਤਾਂ ਉਸ ਅੰਦਰ ਇਕ ਲਾਵਾ ਫੁੱਟ ਗਿਆ ਜਿਸ ਲਾਵੇ ਕਾਰਨ ਉਸਨੇ ਆਪਣੀ ਕਹਾਣੀ ਬਿੱਲੋ ਨੂੰ ਸੁਣਾਉਣੀ ਜਰੂਰੀ ਸਮਝੀ | ਹੁਣ ਸਨਦੀਪ ਨੂੰ ਬਿੱਲੋ ਨੂੰ ਹੋਰ ਕੋਈ ਸਫਾਈ ਦੇਣ ਦੀ ਲੋੜ ਨਹੀਂ ਸੀ | ਸਭ ਗੱਲ ਬਿੱਲੋ ਨੂੰ ਸਮਝ ਆ ਗਈ ਸੀ ਤੇ ਸਨਦੀਪ ਨੂੰ ਵੀ |

ਅਸਲ 'ਚ ਉਸ ਦਿਨ ਭਿੰਦਾ ਜਾਣ ਕੇ ਕੋਠੇ ਚੜਿਆ ਸੀ ਤੇ ਉਸਨੇ ਜਾਣ ਕੇ ਉਸਦੇ ਘਰ ਵਾਲੇ ਨੂੰ ਉਕਸਾਇਆ ਸੀ | ਇਹ ਮੰਨੋ ਦੀ ਤੇ ਉਸ ਭਿੰਦੇ ਦੀ ਰਚੀ ਹੋਈ ਸਾਜਿਸ਼ ਸੀ ਤੇ ਇਸ ਦਾ ਸ਼ਿਕਾਰ ਸੀ ਭੋਲੀ ਭਾਲੀ ਸਨਦੀਪ | ਉਸ ਦਿਨ ਅਸਲ ਵਿਚ ਮੰਨੋ ਆਸ਼ਰਮ ਦਾ ਕਹਿ ਭਿੰਦੇ ਨਾਲ ਸਨਦੀਪ ਦੀਆਂ ਸਭ ਟੂੰਬਾਂ ਲੈ ਭੱਜ ਗਈ ਸੀ | ਸੋ ਸਨਦੀਪ ਆਸ਼ਰਮ ਪਹੁੰਚ ਗਈ ਤੇ ਮੰਨੋ ਨੇ ਭਿੰਦੇ ਨਾਲ ਭੱਜ ਵਿਆਹ ਕਰ ਲਿਆ | ਬਦਨਾਮੀ ਸਨਦੀਪ ਦੀ ਹੋ ਗਈ ਤੇ...|ਸਨਦੀਪ ਦੇ ਭੋਲੇਪਣ ਦਾ ਇਸਤੇਮਾਲ ਬਹੁਤ ਹੀ ਚਲਾਕੀ ਨਾਲ ਕੀਤਾ ਗਿਆ ਸੀ | ਸਭ ਪਿੰਡਾਂ ਦੇ ਲੋਕ ਤੇ ਏਥੋਂ ਤੱਕ ਕਿ ਸਨਦੀਪ ਦੇ ਘਰ ਵਾਲੇ ਤੇ ਰਿਸ਼ਤੇਦਾਰ ਸਭ ਇਹੀ ਸੋਚਦੇ ਕਿ ਮੰਨੋ ਆਸ਼ਰਮ ਚਲੀ ਗਈ ਤੇ ਸਨਦੀਪ ਸਭ ਦੇ ਸਿਰ ਸਵਾ ਪਾ ਭੱਜ ਗਈ |

ਜੇ ਅੱਜ ਸਾਲਾਂ ਬਾਅਦ ਬਿੱਲੋ ਆਸ਼ਰਮ ਨਾ ਆਉਂਦੀ ਤੇ ਉਸਨੂੰ ਨਾਂ ਮਿਲਦੀ ਤਾਂ ਸਨਦੀਪ ਸ਼ਾਇਦ ਸਾਰੀ ਉਮਰ ਏਸ ਭਰਮ 'ਚ ਰਹਿੰਦੀ ਕਿ ਮੰਨੋ ਨੇ ਉਸ ਉੱਤੇ ਕਿੱਡਾ ਵੱਡਾ ਅਹਿਸਾਨ ਕੀਤਾ ਉਸਦੀ ਜਾਣ ਬਚਾ ਕੇ 'ਤੇ ਉਸਨੂੰ ਆਪਣੀ ਜਗਾ ਏਸ ਆਸ਼ਰਮ ਭੇਜਕੇ |

ਸਨਦੀਪ ਦੀ ਆਪਬੀਤੀ ਸੁਣ ਬਿੱਲੋ ਨੂੰ ਵੀ ਰੋਣਾ ਆ ਗਿਆ | ਉਸਨੇ ਉਸਨੂੰ ਘੁੱਟ ਕੇ ਆਪਣੇ ਗਲੇ ਲਾ ਲਿਆ | ਫੇਰ ਉਸਨੇ ਸਨਦੀਪ ਨੂੰ ਇਹ ਸਲਾਹ ਦਿੱਤੀ ਕਿ ਉਸਨੂੰ ਹੁਣੇ ਹੀ ਪਿੰਡ ਜਾ ਆਪਣੀ ਨਨਾਣ ਦੀ ਕਰਤੂਤ ਤੇ ਆਪਣੀ ਸਫਾਈ ਦੇਣੀ ਚਾਹੀਦੀ ਹੈ | ਪਰ ਸਨਦੀਪ ਉਸ ਨਾਲ ਸਹਿਮਤ ਨਹੀਂ ਹੋਈ | ਉਸਦਾ ਮੰਨਣਾ ਸੀ ਕਿ ਹੁਣ ਏਨੇ ਸਾਲਾਂ ਬਾਅਦ ਮੁੜ ਪਿੰਡ ਜਾਣਾ ਠੀਕ ਨਹੀਂ | ਪਰ ਬਿੱਲੋ ਨੇ ਉਸ ਉੱਤੇ ਬਹੁਤ ਜੋਰ ਪਾਇਆ |

ਤੇ ਸਨਦੀਪ ਬਿੱਲੋ ਨੂੰ ਸਮਝਾਉਂਦੀ ਕਹਿਣ ਲੱਗੀ " ਜੋ ਵੀ ਹੋਇਆ ਬਹੁਤ ਮਾੜਾ ਹੋਇਆ | ਪਰ ਹੁਣ ਬਹੁਤ ਸਾਲ ਬੀਤ ਚੁੱਕੇ ਹਨ | ਮੈਂ ਜੋ ਜ਼ਖਮ ਆਪਣੇ ਘਰਦਿਆਂ ਨੂੰ ਦਿੱਤੇ ,ਉਹ ਹੋ ਸਕਦਾ ਹੈ ਵਕਤ ਬੀਤਣ ਨਾਲ ਭਰ ਗਏ ਹੋਣ | ਮੈਂ ਉਹਨਾਂ ਨੂੰ ਫੇਰ ਤਾਜ਼ਾ ਨਹੀਂ ਕਰਨਾ ਚਾਹੁੰਦੀ | ਮੈਂ ਉਹਨਾਂ ਲਈ ਓਸੇ ਦਿਨ ਮਰ ਗਈ ਸਾਂ ਜਿਸ ਦਿਨ ਮੈਂ ਪਿੰਡੋ ਭੱਜ ਗਈ ਸਾਂ | ਉਹਨਾਂ ਸਭ ਲਈ ਮੈਂ ਇਕ ਚਰਿਤਰਹੀਣ ਔਰਤ ਹਾਂ ਜਿਸ ਨੇ ਉਹਨਾਂ ਨੂੰ ਜਿਉਣ ਜੋਗਾ ਨਹੀਂ ਸੀ ਛੌਡਿਆ | ਪਤਾ ਨਹੀਂ ਮੇਰੇ ਕਰਕੇ ਏਨੇ ਸਾਲਾਂ ਵਿਚ ਉਹਨਾਂ ਉੱਤੇ ਕੀ ਕੀ ਬੀਤਿਆ ਹੋਵੇਗਾ | ਲੋਕਾਂ ਨੇ ਕਿੰਨਾ ਕੁਝ ਸੁਣਾਇਆ ਹੋਵੇਗਾ ਉਹਨਾਂ ਨੂੰ | ਹੇ !ਰੱਬਾ ਮੇਰਿਆ ਮੈਨੂੰ ਮੁਆਫ ਕਰੀਂ | ....ਹੁਣ ਪਿੰਡ ਜਾ ਮੈਂ ਕੀ ਕਰਾਂਗੀ | ਕੀ ਕਵਾਂਗੀ ਲੋਕਾ ਨੂੰ ਤੇ ਘਰਦਿਆਂ ਨੂੰ ...ਕੇ ਮੈਂ ਨਹੀਂ ਮੇਰੀ ਨਨਾਣ ਮੰਨੋ ਭੱਜੀ ਸੀ ਭਿੰਦੇ ਨਾਲ | ਤੇ ਮੈਂ ਭੱਜੀ ਸਾਂ ਆਪਣੇ ਡਰ ਨਾਲ | ਕੀ ਉਹ ਇਹ ਸਭ ਸੁਣ ਸਹਾਰ ਸਕਣਗੇ ? ਤੇ ਕਦੀ ਮੈਨੂੰ ਮੁਆਫ਼ ਕਰ ਸਕਣਗੇ | ਨਹੀਂ ...| ਤੇ ਹੁਣ ਮੈਂ ਇਹ ਸਭ ਦਸਕੇ ਉਹਨਾਂ ਲਈ ਇਕ ਵਾਰ ਫੇਰ ਓਹੀ ਹਾਲਾਤ ਪੈਦਾ ਕਰ ਦਿਆਂ ਜਿੰਨਾ ਵਿਚੋਂ ਓਹ ਕਈ ਸਾਲ ਪਹਿਲੋਂ ਪਤਾ ਨਹੀ ਕਿਵੇਂ ਗੁਜ਼ਰੇ ਹੋਣਗੇ | ਮੰਨੋ ਹੋਵੇ ਜਾਂ ਫੇਰ ਮੈਂ ...ਬੇਇਜ਼ਤੀ ਤਾਂ ਸਾਡੇ ਘਰ ਦੀ ਹੀ ਹੈ | ਮੈਂ ਇਹ ਸਭ ਨਹੀਂ ਕਰ ਸਕਦੀ | ਕਦੇ ਨਹੀਂ ਕਰ ਸਕਦੀ |"

ਬਿੱਲੋ ਦੇ ਆਉਣ ਨਾਲ ਸਨਦੀਪ ਦੀ ਜਿੰਦਗੀ 'ਚ ਇਕ ਵਾਰੀ ਭੂਚਾਲ ਤਾਂ ਜਰੂਰ ਆ ਗਿਆ ਸੀ | ਪਰ ਥੋੜੇ ਹੀ ਦਿਨਾਂ 'ਚ ਉਸਦੀ ਜਿੰਦਗੀ ਫੇਰ ਓਸੇ ਤਰਾਂ ਚੱਲਣ ਲੱਗ ਗਈ |

ਇੰਝ ਹੀ ਕਈ ਸਾਲ ਨਿਕਲ ਗਏ | ਆਸ਼ਰਮ 'ਚ ਜਦੋਂ ਵੀ ਕੋਈ ਨਵੀਂ ਵਿਦਵਾ ਆਉਂਦੀ ਉਹ ਬਹੁਤ ਹੀ ਰੋਂਦੀ | ਪਰ ਹੌਲੀ ਹੌਲੀ ਜਦ ਉਹ ਆਪਣੇ ਵਰਗੀਆਂ ਹੋਰ ਦੁਖੀ ਔਰਤਾਂ ਵੇਖਦੀ ਤਾਂ ਸ਼ਾਇਦ ਉਸਨੂੰ ਆਪਣਾ ਦੁੱਖ ਥੋੜਾ ਘੱਟ ਲਗਦਾ | ਔਰਤਾਂ ਆਪਣੇ ਘਰਦਿਆਂ ਨੂੰ ਤੇ ਆਪਣੇ ਗੁਜ਼ਰ ਗਏ ਪਤੀ ਨੂੰ ਯਾਦ ਕਰ ਕਈ ਵਾਰ ਬਹੁਤ ਰੋਂਦੀਆਂ | ਪਰ ਏਨੇ ਸਾਲਾਂ 'ਚ ਕਦੀ ਵੀ ਕਿਸੇ ਨੇ ਸਨਦੀਪ ਨੂੰ ਰੋਂਦਿਆਂ ਨਹੀਂ ਸੀ ਵੇਖਿਆ | ਰੋਣਾ ਤਾਂ ਦੂਰ ਦੀ ਗੱਲ ਹੈ ,ਉਹ ਕਦੇ ਉਦਾਸ ਵੀ ਨਹੀਂ ਸੀ ਜਾਪਦੀ | ਇਹ ਵੇਖ ਆਸ਼ਰਮ ਦੀਆਂ ਔਰਤਾਂ ਕਈ ਵਾਰੀ ਬਹੁਤ ਹੈਰਾਨ ਹੁੰਦੀਆਂ | ਪਰ ਸਨਦੀਪ ਚੁੱਪ ਚਾਪ ਆਪਣਾ ਕੰਮ ਕਰਦੀ ਰਹਿੰਦੀ ਤੇ ਰਾਤ ਨੂੰ ਕਮਰੇ 'ਚ ਜਾ ਸੋ ਜਾਂਦੀ | ਨਾ ਕਿਸੇ ਨਾਲ ਜਿਆਦਾ ਘੁਲਦੀ- ਮਿਲਦੀ ,ਨਾਂ ਹੀ ਕੋਈ ਫਾਲਤੂ ਗੱਲ ਹੀ ਕਰਦੀ | ਹਾਂ ,ਬਿੱਲੋ ਨਾਲ ਜਰੂਰ ਕਦੇ ਕਦਾਈ ਹੱਸ ਖੇਡ ਲੈਦੀ | ਬਿਲੋ ਉਸਦੀ ਬਹੁਤ ਇੱਜ਼ਤ ਕਰਦੀ ਸੀ |

***********************************************************

ਇੱਕ ਦਿਨ ਸਨਦੀਪ ਰੋਜ਼ ਦੀ ਤਰਾਂ ਬਗੀਚੇ 'ਚ ਫੁੱਲਾਂ ਨੂੰ ਪਾਣੀ ਲਾਉਂਦੀ ਪਈ ਸੀ | ਉਧਰੋਂ ਬਿੱਲੋ ਭੱਜੀ ਭੱਜੀ ਆਈ ਤੇ ਸਨਦੀਪ ਨੂੰ ਕਹਿਣ ਲੱਗੀ " ਸਨਦੀਪ ,ਤੈਨੂੰ ਦਫਤਰ 'ਚ ਕੋਈ ਮਿਲਣ ਆਇਆ ਹੈ |"

"ਮਿਲਣ ...ਤੇ ਮੈਨੂੰ | ਇੰਝ ਕਿਵੇਂ ਹੋ ਸਕਦਾ ਹੈ |" ਏਦਾਂ ਆਸ਼ਰਮ 'ਚ ਪਹਿਲੀ ਵਾਰ ਹੋ ਰਿਹਾ ਸੀ ਕਿ ਬਾਹਰੋਂ ,ਬਾਹਰਲੀ ਦੁਨੀਆ 'ਚੋਂ ਕਿਸੇ ਨੂੰ ਕੋਈ ਮਿਲਣ ਆਇਆ ਸੀ ... ਸਾਰਿਆਂ ਵਾਂਗ ਸਨਦੀਪ ਵੀ ਹੈਰਾਨ ਸੀ | ਉਹ ਦਵਾ ਦਵ ਹੱਥ ਧੋਕੇ ਦਫ਼ਤਰ ਵੱਲ ਇਹ ਸੋਚਦੀ ਪੁਲਾਂਗਾ ਪੁੱਟਣ ਲੱਗੀ ਕਿ ਉਸਨੂੰ ਕੌਣ ਮਿਲਣ ਆਇਆ ਹੋਵੇਗਾ |

ਤੇ ਜਦ ਉਹ ਦਫਤਰ ਦੇ ਦਰਵਾਜ਼ੇ ਤੱਕ ਪਹੁੰਚੀ ਤਾਂ ਉਹ ਵੇਖਦੀ ਹੈ ਕਿ ਕੁਰਸੀ ਤੇ ਕੁੱਬ ਕੱਡ ਬੈਠੀ ਇੱਕ ਅਧੇੜ ਉਮਰ ਦੀ ਔਰਤ ਉਸਦਾ ਇੰਤਜ਼ਾਰ ਕਰ ਰਹੀ ਹੈ | ਇੱਕ ਪੱਲ ਲਈ ਤਾਂ ਉਸਨੇ ਪਹਿਚਾਣਿਆ ਹੀ ਨਹੀਂ | ਉਸਨੂੰ ਹੁਣ ਆਪਣਿਆ ਨੂੰ ਵੇਖਿਆਂ ਅਰਸੇ ਬੀਤ ਚੁੱਕੇ ਸਨ | ਉਸਨੂੰ ਦਰਵਾਜ਼ੇ ਤੇ ਖੜੀ ਨੂੰ ਵੇਖ ਉਹ ਔਰਤ 'ਭਾਬੀ ਭਾਬੀ ' ਕਰਦੀ ਹੋਈ ਤੇ ਭੱਜਦੀ ਹੋਈ ਸਨਦੀਪ ਕੋਲ ਆ ਖੜੀ ਹੋਸਨਦੀਪ ਦੇ ਮੂੰਹੋਂ ਉਸਨੂੰ ਵੇਖ ਇੱਕੋ ਹੀ ਨਾਮ ਨਿਕਲਿਆ ... "ਮੱਨੋ !"

ਉਸਨੇ ਸਨਦੀਪ ਨੂੰ ਤੇ ਸਨਦੀਪ ਨੇ ਉਸਨੂੰ ਘੁਟ ਗਲ ਨਾਲ ਲਾ ਲਿਆ | ਤੇ ਪਤਾ ਨਹੀਂ ਕਿਉਂ ਕਿੰਨੀ ਹੀ ਦੇਰ ਗਲਵਕੜੀ ਨੂੰ ਨਹੀਂ ਛੱਡਿਆ | ਫੇਰ ਸਨਦੀਪ ਨੇ ਆਪਣੇ ਅੱਥਰੂ ਪੂੰਜੇ ਤੇ ਆਪਣੀ ਨਨਾਣ ਮੱਨੋ ਨੂੰ ਕੁਰਸੀ ਤੇ ਬੈਠਾਇਆ ਤੇ ਪਾਣੀ ਦਾ ਗਿਲਾਸ ਫੜਾਇਆ | ਮੱਨੋ ਨੇ ਪਾਣੀ ਪੀ ... ਗਿਲਾਸ ਮੇਜ਼ ਤੇ ਰੱਖ ਦਿੱਤਾ ਤੇ ਸਨਦੀਪ ਵੱਲ ਵੇਖ ਦੋਵੇਂ ਹੱਥ ਜੋੜ ਜਿਵੇਂ ਬਿਨਾ ਬੋਲੇ ਉਸਤੋਂ ਮੁਆਫ਼ੀ ਮੰਗ ਰਹੀ ਹੋਵੇ | ਸਨਦੀਪ ਨੇ ਉਸਦੇ ਜੋੜੇ ਹੱਥਾਂ ਨੂੰ ਆਪਣੇ ਹੱਥਾਂ ਨਾਲ ਫੜ ਲਿਆ ਤੇ ਸਿਰ ਹਿਲਾ ਕੇ ਬਿਨਾ ਕੁਝ ਬੋਲੇ ਉਸਨੂੰ ਜਿਵੇਂ ਇਹ ਕਿਹਾ ਕਿ ਇੰਝ ਨਾਂ ਕਰੋ ,ਏਸ ਸਭ ਦੀ ਕੋਈ ਲੋੜ ਨਹੀਂ | ਫੇਰ ਜਿਵੇਂ ਸਨਦੀਪ ਨੂੰ ਲੱਗਾ ਕਿ ਮੱਨੋ ਉਸ ਨਾਲ ਬਹੁਤ ਗੱਲਾਂ ਕਰਨੀਆ ਚਾਹੁੰਦੀ ਹੈ ... ਜਿਸ ਲਈ ਦਫਤਰ ਠੀਕ ਜਗਾ ਨਹੀਂ ਸੀ | ਏਸ ਲਈ ਉਹ ਉਸਨੂੰ ਬਾਹਰ ਪਿੱਪਲ ਹੇਠਾਂ ਲੈ ਗਈ |

ਮੰਨੋ ਬਹੁਤ ਹੀ ਕਮਜ਼ੋਰ ,ਬੁੱਡੀ, ਮਾੜੀ ਤੇ ਉਦਾਸ ਲੱਗ ਰਹੀ ਸੀ | ਉਸਦੀ ਹਾਲਤ ਵੇਖ ਸਨਦੀਪ ਨੂੰ ਬਹੁਤ ਹੀ ਤਰਸ ਆ ਰਿਹਾ ਸੀ | ਉਹ ਪਿੱਪਲ ਹੇਠਾਂ ਆਪਣੀ ਮੈਲੀ ਚੁੰਨੀ ਦੀ ਬੁੱਕਲ ਨੂੰ ਸਵਾਰਾ ਕਰਦਿਆਂ ਹੋਇਆਂ ਭੁੰਜੇ ਹੀ ਬੈਠ ਗਈ | ਇਹ ਵੇਖ ਸਨਦੀਪ ਵੀ ਉਸ ਨਾਲ ਬੈਠ ਗਈ | ਇੱਕ ਲੰਬੀ ਚੁੱਪ ਤੋਂ ਬਾਅਦ ਮੰਨੋ ਨੇ ਸਨਦੀਪ ਦਾ ਸੱਜਾ ਹੱਥ ਫੜਿਆ ਤੇ ਉਸਨੂੰ ਕਹਿਣ ਲੱਗੀ " ਭਾਬੀ ਮੈਂ ਤੇਰੀ ਗੁਨਹਗਾਰ ਹਾਂ,ਕਸੂਰਵਾਰ ਹਾਂ , ਮੈਂ ਤੇਰੇ ਨਾਲ ਧੋਖਾ ਕੀਤਾ ਹੈ ,ਮੈਨੂੰ ਮੁਆਫ ਕਰ ਦੇ ,ਮੈਨੂੰ ਤੂੰ ਜੋ ਸਜ਼ਾ ਦੇਵੇਂਗੀ ਮੈਨੂੰ ਮੰਜੂਰ ਹੈ | ਮੈਂ ਆਪਣੇ ਭਰਾ ਦੇ ਹੁੰਦਿਆ ਹੋਇਆਂ ਤੈਨੂੰ ਵਿਦਵਾ ਬਣਾ ਦਿੱਤਾ... ਏਸ ਤੋਂ ਵੱਡਾ ਪਾਪ ਹੋਰ ਕੀ ਹੋ ਸਕਦਾ ਹੈ | ਮੈਂ ਤਾਂ ਤੇਰੀ ਮੁਆਫੀ ਦੇ ਲਾਇਕ ਵੀ ਨਹੀਂ ......ਤੈਨੂੰ ਨਹੀਂ ਪਤਾ ਮੈਂ ਕੀ ਕੀਤਾ ਹੈ ....ਮੈਂ ..."

ਮੰਨੋ ਬੋਲਦੀ ਗਈ ...

ਤੇ ਫੇਰ ਸਨਦੀਪ ਨੇ ਉਸਨੂੰ ਵਿਚੋਂ ਹੀ ਟੋਕਦੇ ਹੋਏ ਆਪਣਾ ਮੂੰਹ ਖੋਲਿਆ ...ਤੇ ਬੋਲਿਆ "ਮੈਨੂੰ ਸਭ ਪਤਾ ਹੈ |"

ਇਹ ਸੁਣ ਮੰਨੋ ਚੁੱਪ ਕਰ ਨੀਵੀਂ ਪਾ ਜਿਵੇਂ ਉਥੇ ਹੀ ਜਮ ਗਈ ਹੋਵੇ | ਹੁਣ ਉਸਨੂੰ ਕੁਝ ਵੀ ਹੋਰ ਬੋਲਣ ਦੀ ਲੋੜ ਨਹੀਂ ਸੀ |

ਸਨਦੀਪ ਨੇ ਭਰੀਆਂ ਅੱਖਾਂ ਨਾਲ ਹੇਠਾਂ ਮਿੱਟੀ 'ਚ ਹੱਥ ਫੇਰਿਆ ਤੇ ਥੋੜੀ ਜਹੀ ਮਿੱਟੀ ਨੂੰ ਚੁਟਕੀ 'ਚ ਭਰ ਆਪਣੇ ਚੀਰ 'ਚ ਸੰਧੂਰ ਵਾਂਗ ਪਾ ਲਿਆ |

ਇਹ ਵੇਖ ਮੰਨੋ ਆਸ਼ਰਮ ਦੇ ਬਾਹਰਲੇ ਦਰਵਾਜ਼ੇ ਵੱਲ ਤੁਰ ਪਈ | ਸ਼ਾਇਦ ਸਨਦੀਪ ਨੇ ਬਿਨਾਂ ਕੁਝ ਬੋਲੇ ਉਸਨੂੰ ਇਹ ਦਸ ਦਿੱਤਾ ਸੀ ਕਿ ਸਨਦੀਪ ਅੱਜ ਵੀ ਸੁਹਾਗਣ ਹੈ ... ਭਾਵੇਂ ਇੱਕ ਵਿਦਵਾ ਸੁਹਾਗਣ ਤੇ ਮਨਦੀਪ ਉਰਫ ਮੰਨੋ ਇੱਕ 'ਸੁਹਾਗਣ ਵਿਦਵਾ ' |

*************************************************************************
*******************************************************************

ਅਮਨਪ੍ਰੀਤ ਕੌਰ

**(rimplesmiles@gmail.com)**

Academy of the Punjab in North America: http://www.apnaorg.com



rimplesmiles@gmail.com